# ਅੰਮ੍ਰਿਤ ਕੀਰਤਨ

# Amrit Kirtan



ੴ

ਅਗਸਤ 2005

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 8 ◆ ਸਾਲ ਸਤਾਰਵਾਂ ◆ ਅਗਸਤ 2005



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ
ਮੋਬਾਈਲ: 09814053630

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007



**ਚੰਦੇ ਦਾ ਵੇਰਵਾ**

▲ **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660

e-mail : drjagirsingh@rediffmail.com
Website : www.amritkirtan.org



| | |
|---|---|
| **ਕਰਉ ਬੇਨੰਤੀਆ**<br>*ਸੰਪਾਦਕੀ* | 2 |
| **ਭਲੋ ਭਲੋ ਰੇ ਕੀਰਤਨੀਆ**<br>*ਡਾ. ਜਸਵੰਤ ਸਿੰਘ* | 3 |
| **ਗੁਰਮਤਿ ਕੀਰਤਨ ਅਤੇ ਕੈਸੇਟ ਬਾਜ਼ਾਰ: ਇਕ ਨਜ਼ਰੀਆ**<br>*ਡਾ. ਅਵਤਾਰ ਸਿੰਘ ਪਤੰਗ* | 6 |
| **ਗੁਰਮਤਿ ਸੰਗੀਤ ਵਿਚ ਤੰਤੀ ਸਾਜ਼ਾਂ ਦੀ ਅਣਹੋਂਦ**<br>*ਸਵਰਨਜੀਤ ਕੌਰ* | 8 |
| **ਤਬਲਾ ਵਾਦਕ ਉਸਤਾਦ ਪ੍ਰੇਮ ਸਿੰਘ ਪਤੰਗਾ**<br>*ਗੁਰਜੰਤ ਸਿੰਘ ਰਾਹੀ* | 10 |
| **ਡਾ. ਜਾਗੀਰ ਸਿੰਘ ਦੀ ਪੁਸਤਕ 'ਕਾਵਿ ਅਤੇ ਸੰਗੀਤ'...**<br>*ਜਗਦੀਸ਼ ਸਿੰਘ ਵਰਿਆਮ* | 12 |
| **Moving Monsoon Ragas...**<br>*Himani Dalmia* | 13 |
| **Lali: Living a Century of Music**<br>*Vandana Shukla* | 15 |
| **Bhagat Pooran Singh...**<br>*Bhagwant Singh Dilawari* | 16 |
| **ਸੁਰ ਲਿਪੀ**<br>*ਨਰਿੰਦਰ ਕੌਰ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਮਨਮੋਹਨ ਸਿੰਘ* | 23 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 5091443

# ਕਰਹੁ ਬੇਨੰਤੀਆ

## ਭਾਈ ਕਿਰਪਾਲ ਸਿੰਘ ਰਾਗੀ ਪਟਿਆਲੇ ਵਾਲੇ

ਪਿਛਲੇ ਦਿਨੀਂ ਭਾਈ ਕਿਰਪਾਲ ਸਿੰਘ ਰਾਗੀ ਪਟਿਆਲੇ ਵਾਲੇ ਅਕਾਲ ਚਲਾਣਾ ਕਰ ਗਏ। ਪ੍ਰਸਿੱਧ ਕੀਰਤਨੀਏ ਭਾਈ ਪਿਆਰਾ ਸਿੰਘ ਜੀ ਅੰਮ੍ਰਿਤਸਰ ਵਾਲਿਆਂ ਦੇ ਭਰਾ, ਪ੍ਰੋ. ਪਰਮਜੀਤ ਸਿੰਘ ਅਤੇ ਭਾਈ ਬਲਜੀਤ ਸਿੰਘ ਦੇ ਪਿਤਾ ਜੀ, ਭਾਈ ਮਨਜੀਤ ਸਿੰਘ ਅਤੇ ਭਾਈ ਜਸਵੰਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਦੇ ਚਾਚਾ ਜੀ ਅਤੇ ਭਾਈ ਕਰਮ ਸਿੰਘ ਰਤਨ, ਭਾਈ ਅਮੀਰ ਸਿੰਘ ਅਤੇ ਹੋਰ ਅਨੇਕਾਂ ਸੁਲਝੇ ਹੋਏ ਕੀਰਤਨੀਆਂ ਦੇ ਉਸਤਾਦ ਜੀ ਪਟਿਆਲੇ ਵਿਚ ਬਹੁਤ ਪ੍ਰਸਿੱਧ ਸਨ। ਮੈਨੂੰ ਵੀ ਉਨ੍ਹਾਂ ਨਾਲ 1968-69 ਵਿਚ ਕੁਝ ਸਮਾਂ ਬਤੌਰ ਸਹਾਇਕ ਰਾਗੀ ਦੇ ਕੀਰਤਨ ਕਰਨ ਦਾ ਮੌਕਾ ਮਿਲਿਆ।

ਭਾਈ ਸਾਹਿਬ ਦਾ ਸਰੂਪ ਉਸ ਸਮੇਂ ਦੇ ਰਾਗੀਆਂ ਲਈ ਆਦਰਸ਼ ਸੀ। ਜਦੋਂ ਮੈਂ ਆਪਣੇ ਪਿਤਾ ਜੀ ਭਾਈ ਉੱਤਮ ਸਿੰਘ ਪਤੰਗ ਹੋਰਾਂ ਨਾਲ ਕੀਰਤਨ ਸ਼ੁਰੂ ਕੀਤਾ ਤਾਂ ਉਹ ਹਮੇਸ਼ਾਂ ਸਾਨੂੰ ਭਾਈ ਕਿਰਪਾਲ ਸਿੰਘ ਵਾਂਗ ਕੁੜਤਾ ਪਜਾਮਾ ਪਾਉਣ, ਗੱਲ ਵਿਚ ਹਜ਼ੂਰੀਆ ਰੱਖਣ, ਕੀਰਤਨ ਸਮੇਂ ਵਿਸ਼ੇਸ਼ ਪ੍ਰਕਾਰ ਦੀ ਬੈਠਕ ਆਦਿ ਨੂੰ ਵਾਚਣ ਲਈ ਕਹਿੰਦੇ।

ਭਾਈ ਕਿਰਪਾਲ ਸਿੰਘ ਹੋਰਾਂ ਨੂੰ ਆਪਣੇ ਹਰਮੋਨੀਅਮ ਨਾਲ ਵਿਸ਼ੇਸ਼ ਲਗਾਓ ਸੀ। ਉਹ ਹਰਮੋਨੀਅਮ ਬੜੇ ਸਾਫ ਦੋਹਰੇ ਕੱਪੜੇ ਵਿਚ ਬੰਨ੍ਹਦੇ ਸਨ। ਸਫਰ ਕਰਨ ਸਮੇਂ ਵੀ ਉਹ ਆਪਣੇ ਹਰਮੋਨੀਅਮ ਨੂੰ ਹੇਠਾਂ ਨਹੀਂ ਸੀ ਰੱਖਦੇ। ਜਦੋਂ ਕਿਤੇ ਰਿਕਸ਼ੇ ਤੇ ਬੈਠ ਕੇ ਸਫਰ ਕਰਦੇ ਤਾਂ ਉਹ ਆਪਣਾ ਹਰਮੋਨੀਅਮ ਹਮੇਸ਼ਾਂ ਆਪਣੇ ਗੋਡਿਆਂ ਉਪਰ ਰੱਖਦੇ।

ਮੈਨੂੰ ਭਾਈ ਬਖਸ਼ੀਸ਼ ਸਿੰਘ ਨਾਲ ਕੀਰਤਨ ਕਰਨ ਦਾ ਮੌਕਾ ਵੀ ਮਿਲਿਆ ਹੈ। ਜਿਥੇ ਭਾਈ ਬਖਸ਼ੀਸ਼ ਸਿੰਘ ਆਪਣੇ ਸਾਥੀ ਨੂੰ ਕੋਈ ਸਿੱਖਿਆ ਨਹੀਂ ਸੀ ਦਿੰਦੇ ਉਥੇ ਭਾਈ ਕਿਰਪਾਲ ਸਿੰਘ ਆਪਣੇ ਸਾਥੀਆਂ ਨੂੰ ਕੁਝ ਨਾ ਕੁਝ ਸਿਖਾਉਂਦੇ ਰਹਿੰਦੇ ਸਨ। ਇਹ ਉਹ ਸਮਾਂ ਸੀ ਜਦੋਂ ਪਟਿਆਲੇ ਵਿਚ ਇਹ ਦੋ ਰਾਗੀ-ਭਾਈ ਬਖਸ਼ੀਸ਼ ਸਿੰਘ ਅਤੇ ਭਾਈ ਕਿਰਪਾਲ ਸਿੰਘ ਮਸ਼ਹੂਰ ਸਨ।

ਭਾਈ ਕਿਰਪਾਲ ਸਿੰਘ ਅਤੇ ਭਾਈ ਬਖਸ਼ੀਸ਼ ਸਿੰਘ ਦੇ ਆਪਣੇ ਆਪਣੇ ਸਰੋਤੇ ਸਨ। ਉਨ੍ਹਾਂ ਵਿਚ ਇਹ ਦੋਵੇਂ ਕੀਰਤਨੀਏ ਪਿਆਰੇ ਸਨ। ਭਾਈ ਕਿਰਪਾਲ ਸਿੰਘ ਅਤਿ ਦੀ ਸਪਸ਼ਟਵਾਦਤਾ ਅਤੇ ਸਮਝੌਤਾਵਾਦੀ ਰੁਚੀ ਨਾ ਹੋਣ ਕਾਰਨ ਕਈ ਵਾਰ ਗੁਰਦੁਆਰਾ ਪ੍ਰਬੰਧਕਾਂ ਨੂੰ ਨਾਰਾਜ਼ ਕਰ ਲੈਂਦੇ ਸਨ। ਪਰ ਉਨ੍ਹਾਂ ਦੇ ਗੁਣ ਦੀ ਕਦਰ ਸਾਰੇ ਕਰਦੇ ਸਨ।

ਇਤਨੇ ਗੁਣੀ ਹੋਣ ਦੇ ਬਾਵਜੂਦ ਵੀ ਉਨ੍ਹਾਂ ਵਿਚ ਨਵਾਂ ਕੁਝ ਸਿੱਖਣ ਦੀ ਰੁਚੀ ਸੀ। ਆਪ ਨੇ ਉਸਤਾਦ ਹਰਨਾਮ ਸਿੰਘ ਪ੍ਰਸਿੱਧ ਦਿਲਰੁਬਾ ਵਾਦਕ ਪਾਸੋਂ ਸਿੱਖਿਆ ਪ੍ਰਾਪਤ ਕੀਤੀ। ਉਦੋਂ ਅਸੀਂ ਇਕੱਠੇ ਉਸਤਾਦ ਕਿਰਪਾਲ ਸਿੰਘ ਤਬਲੇ ਵਾਲਿਆਂ ਦੇ ਵਿਦਿਆਲੇ ਵਿਚ ਤੇ ਪੰਡਤ ਓਮ ਪ੍ਰਕਾਸ਼ ਪਾਸੋਂ ਕੁਝ ਨਿਵੇਕਲੇ ਰਾਗ ਸਿੱਖਣ ਜਾਂਦੇ ਸਾਂ।

ਭਾਈ ਸਾਹਿਬ ਦੇ ਪ੍ਰਭਾਵ ਸਦਕਾ ਉਨ੍ਹਾਂ ਦੇ ਸਪੁੱਤਰ ਪਰਮਜੀਤ ਸਿੰਘ ਅਤੇ ਬਲਜੀਤ ਸਿੰਘ ਸੁਰੀਲੇ ਕੀਰਤਨੀਏ ਬਣੇ। ਭਾਈ ਕਰਮ ਸਿੰਘ ਰਤਨ ਜੋ ਇਤਿਹਾਸਕ ਗੁਰਸਥਾਨਾਂ ਦੇ ਹਜ਼ੂਰੀ ਕੀਰਤਨੀਏ ਹੋਣ ਦੇ ਨਾਲ ਨਾਲ ਦੇਸ਼ਾਂ ਵਿਦੇਸ਼ਾਂ ਵਿਚ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ ਹੁਣ ਵੀ ਆਪਣੇ ਆਪ ਨੂੰ ਭਾਈ ਕਿਰਪਾਲ ਸਿੰਘ ਹੋਰਾਂ ਦਾ ਸ਼ਗਿਰਦ ਅਖਵਾਉਣ ਵਿਚ ਮਾਣ ਮਹਿਸੂਸ ਕਰਦੇ ਹਨ।

ਅੰਮ੍ਰਿਤ ਵੇਲੇ ਭਾਈ ਕਿਰਪਾਲ ਸਿੰਘ ਆਸਾ ਦੀ ਵਾਰ ਦਾ ਟਕਸਾਲੀ ਅੰਦਾਜ਼ ਵਿਚ ਕੀਤਾ ਸੁਰੀਲਾ ਕੀਰਤਨ ਅਤੇ ਸੋਦਰ ਦੀ ਚੌਕੀ ਵੇਲੇ ਦੀ ਪਰੰਪਰਾਗਤ ਗੀਤ ਜਿਵੇਂ ਇਕ ਸੁਪਨਾ ਬਣ ਕੇ ਰਹਿ ਗਈ ਹੈ।

ਗੁਰਦਰਬਾਰਾਂ ਦੇ ਪੁਰਾਤਨ ਰਾਗੀਆਂ ਦਾ ਸਥਾਨ ਖਾਲੀ ਹੋ ਰਿਹਾ ਹੈ। ਜਿਹੜੇ ਕੁਝ ਸੁਲਝੇ ਅਤੇ ਸਿਆਣੇ ਕੀਰਤਨੀਏ ਹਨ ਉਹ ਗੁਰਦੁਆਰਾ ਪ੍ਰਬੰਧਕਾਂ ਦੀ ਬੇਰੁਖੀ ਕਾਰਨ ਇਤਿਹਾਸਕ ਗੁਰ ਸਥਾਨਾਂ ਤੇ ਹਜ਼ੂਰੀ ਕੀਰਤਨੀਏ ਨਹੀਂ ਬਣਦੇ। ਜਿਹੜੇ ਬਣਦੇ ਹਨ ਉਹ ਟਕਸਾਲੀ ਕੀਰਤਨ ਦੀ ਪਰੰਪਰਾ ਤੋਂ ਅਣਜਾਣ ਹਨ।

ਭਾਈ ਕਿਰਪਾਲ ਸਿੰਘ ਹੋਰਾਂ ਨੂੰ ਸ਼ਰਧਾਂਜਲੀ ਅਰਪਨ ਕਰਦਿਆਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਉਹ ਸਾਨੂੰ ਕੀਰਤਨ ਪਰੰਪਰਾ ਨੂੰ ਕਾਇਮ ਰੱਖਣ ਦਾ ਬਲ ਬਖਸ਼ੇ।

# ਭਲੋ ਭਲੋ ਰੇ ਕੀਰਤਨੀਆ

ਡਾ. ਜਸਵੰਤ ਸਿੰਘ : ਸੰਗੀਤ ਅਤੇ ਨਰਿਤ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ

ਕਲਜੁਗੀ ਜੀਵ ਦੇ, ਜੀਵਨ ਦੀ ਤਾਂਘ ਜਿਵੇਂ ਗੁਰਬਾਣੀ ਵਿਚ ਦਰਜ ਹੈ:

***ਸੋ ਅਸਥਾਨੁ ਬਤਾਵਹੁ ਮੀਤਾ***

***ਜਾਕੈ ਹਰਿ ਹਰਿ ਕੀਰਤਨੁ ਨੀਤਾ॥***

ਇਸ ਜੀਵ ਦੀਆਂ ਅੰਤਰਿਕ ਇਛਾਵਾਂ ਨੂੰ ਮੁੱਖ ਰੱਖਦਿਆਂ ਉਪਾਵ ਭੀ ਦੱਸਿਆ ਗਿਆ ਹੈ:

***ਸਾਧ ਸੰਗਿ ਹਰਿ ਕੀਰਤਨੁ ਗਾਈਐ***

ਜਦੋਂ ਥਾਂ ਲੱਭਣ ਤੇ ਆਨੰਦ ਮਾਨਣ ਦਾ ਵੇਲਾ ਆਇਆ ਤਾਂ ਫੁਰਮਾਇਆ ਕਿ

***ਇਹੁ ਅਸਥਾਨੁ ਗੁਰੂ ਤੇ ਪਾਈਐ॥***

ਭਾਵ ਤੜਫ ਅਤੇ ਵਿਆਕੁਲਤਾ ਨੂੰ ਮਨੁੱਖ, ਥਾਂ ਦੀ ਭਾਲ ਅਤੇ ਉਥੇ ਹੋ ਰਹੇ ਕੀਰਤਨ ਰਾਹੀਂ ਦੂਰ ਕਰ ਸਕਦਾ ਹੈ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਪ੍ਰਾਣੀ ਇਨ੍ਹਾਂ ਪ੍ਰਾਪਤੀਆਂ ਲਈ ਕਿਸ ਤਰ੍ਹਾਂ ਹੱਕਦਾਰ ਹੈ ਤਾਂ -ਗੁਰੂ ਜੀ ਨੇ ਕਿਹਾ

***ਸੁਚਾ ਹੋਇਕੈ ਜੇਵਿਆ ਲਗਾ ਪੜਣਿ ਸਲੋਕੁ॥***

ਦਾ ਪ੍ਰਭਾਵ

***ਗਾਵੈ ਕੋ ਤਾਣੁ, ਹੋਵੈ ਕਿਸੈ ਤਾਣੁ ਅਤੇ ਗਾਵੈ ਕੋ ਗੁਣ ਵਡਿਆਈਆਂ ਚਾਰ*** ਦਾ ਮਹਾਨ ਵਿਚਾਰ ਸਾਡੇ ਸਾਹਮਣੇ ਹੈ।

ਗੁਰੂ ਅਮਰਦਾਸ ਜੀ ਨੇ ***ਸੁਚਾ ਹੋਇਕੈ ਜੇਵਿਆ ਲਗਾ ਪੜਣਿ ਸਲੋਕੁ॥*** ਨੂੰ ਹੋਰ ਤਰਜੀਹ ਦਿੱਤੀ ਅਤੇ ਵਿਚਾਰਾਂ ਦੀ ਸਾਂਝ ਕਰਦਿਆਂ ***ਗੁਰ ਸੇਤੀ ਸਨਮੁਖ*** ਅਤੇ ***ਏ ਮਨ ਪਿਆਰਿਆ, ਏ ਮਨ ਚੰਚਲਾ, ਚਤੁਰਾਈ ਕਿਨੇ ਨਾ ਪਾਇਆ॥*** ਦੀ ਥਾਵੇਂ ***ਕਹਿਦੇ ਪਵਿਤ ਸੁਣ ਤੇ ਪੁਨੀਤ*** ਨੂੰ ਮੁੱਖ ਰੱਖਦਿਆਂ ***ਆਵਹੁ ਸਿਖ ਸਤਿਗੁਰ ਕੇ ਪਿਆਰਿਓ ਗਾਵਹੁ ਸਚੀ ਬਾਣੀ॥*** ਦਾ ਸਿਧਾਂਤ ਸਾਡੇ ਸਾਹਮਣੇ ਰੱਖਿਆ ਹੀ ਨਹੀਂ ਸਗੋਂ ***ਅੰਦਰਹੁ ਨਿਰਮਲੁ ਬਾਹਰਹੁ ਨਿਰਮਲੁ॥ ਸਤਿਗੁਰ ਤੇ ਕਰਣੀ ਕਮਾਣੀ॥*** -ਭਾਵ ਤਦ ਤੱਕ ਕੀਰਤਨ ਕਰਨ ਜਾਂ ਗੁਰਬਾਣੀ ਪੜ੍ਹਨ ਦੇ ਉਪਰਾਲੇ ਦਾ ਅਧਿਕਾਰ ਕਿਸੇ ਨੂੰ ਨਹੀਂ ਬਖਸ਼ਿਆ ਜਦ ਤੱਕ ਇਹ ਵਿਸ਼ਵਾਸ਼ ਨਹੀਂ ਹੋ ਗਿਆ ਕਿ ***ਜੀਉ ਰਹੇ ਗੁਰ ਨਾਲੇ।*** ਗੁਰੂ ਰਾਮਦਾਸ ਜੀ ਨੇ ਕੀਰਤਨ ਦੀ ਮਹਾਨ ਪ੍ਰਕਿਰਿਆ ਨੂੰ ਅੱਗੇ ਵਧਾਉਂਦਿਆਂ ਕਿਹਾ ਅਤੇ ਉਸਦੀ ਪੁਸ਼ਟੀ ਵਿਚ ਭਰਵਾਂ ਹੁੰਗਾਰਾ ਭੀ ਭਰਿਆ ਕਿ ***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰੂ ਕੀ ਆਗਿਆ ਸਤਿ ਸਤਿ ਕਰਿ ਮਾਨੀ॥*** ਗੁਰਮਤਿ ਸੰਗੀਤ ਦਾ ਪ੍ਰਥਮ ਮਹਾਨ ਕਲਾਕਾਰ ਭਾਈ ਮਰਦਾਨਾ ਅਤੇ ਉਸਦੇ ਪੱਦ ਚਿਨ੍ਹਾਂ ਤੇ ਚੱਲਣ ਵਾਲੇ ਕੀਰਤਨਕਾਰ-ਅਰਥਾਤ ***ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥*** ਦੇ ਰੰਗ ਵਿਚ ਰੱਤੇ ਮਹਾਨ ਕੀਰਤਨੀਏ ਆਪਣੀਆਂ ਰਚਨਾਵਾਂ ਜਿਹਨਾਂ ਨੂੰ ਬਾਅਦ ਵਿਚ ਗੁਰਬਾਣੀ ਕਹਿਕੇ ਸਤਿਕਾਰਿਆ ਗਿਆ ***'ਪ੍ਰਮੇਸਰ ਦਿਤਾ ਬੰਨ੍ਹਾ'*** ਦੇ ਮਹਾਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕਰਾ ਚੁੱਕੇ ਸਨ ਤੇ ਸੱਚੇ ਮਾਰਗ ਅਤੇ ਗੁਰਮੁੱਖ ਗਾਡੀ ਰਾਹ ਤੇ ਚੱਲਦਿਆਂ ਗੁਰਮਤਿ ਅਨੁਸਾਰ ਕੀਰਤਨ ਦੀ ਕਿਰਤ ਬਾਖੂਬੀ ਨਿਭਾ ਰਹੇ ਸਨ।

ਜਦ ਕੋਈ ਵੀ ਨਵੀਂ ਹੋਂਦ-ਹੋਂਦ ਵਿਚ ਆਉਂਦੀ ਹੈ ਤਾਂ ਉਸ ਵਿਚ ਚੰਗਿਆਈਆਂ ਦਾ ਹੋਣਾ ਸੁਭਾਵਕ ਹੈ ਜਿਵੇਂ ਜਿਵੇਂ ਪਾਸਾ ਪਰਤਦਾ ਹੈ ਤਿਵੇਂ ਤਿਵੇਂ ਊਣਤਾਈਆਂ ਨਾ ਚਾਹੁੰਦਿਆਂ ਵੀ ਆਪਣਾ ਰਸੂਖ ਬਣਾਉਣ ਵਿਚ ਸਫਲ ਹੋ ਜਾਂਦੀਆਂ ਹਨ।

***'ਕਲਜੁਗਿ ਮਹਿ ਕੀਰਤਨ ਪਰਧਾਨਾ'*** ਅਤੇ ***ਨਿਰਮੋਲਕ ਹੀਰਾ*** ਨਾਲ ਜੁੜੇ ਲੋਕ ਵੀ ਪ੍ਰਧਾਨ ਅਤੇ ਹੀਰੇ ਵਰਗੇ ਹੁੰਦੇ ਚਲੇ ਗਏ। ਇਸ ਕਰਕੇ ਗੁਰੂ ਅਰਜਨ ਦੇਵ ਜੀ ਨੇ ਪਹਿਲਾਂ ***'ਭਲੋ ਭਲੋ ਰੇ ਕੀਰਤਨੀਆ'*** ਕਹਿ ਕੇ ਸਤਿਕਾਰਿਆ ਅਤੇ ਕੀਰਤਨ ਕਰਨ ਅਤੇ ਕੀਰਤਨੀਆਂ ਦੇ ਆਚਰਣ ਦੀ ਅਚਾਰ ਸਹਿਤਾ ***"ਓਅੰਕਾਰ ਏਕ ਧੁਨਿ ਏਕੈ-ਏਕੈ ਰਾਗੁ ਅਲਾਪੈ॥ ਬਾਜਾ ਮਾਣੁ ਤਾਣੁ ਤਜਿ ਤਾਨਾ - ਪਾਓ ਨ ਬੀਗਾ ਘਾਲੈ॥"*** ਸਥਾਪਿਤ ਕੀਤੀ। ਸ਼ਬਦ ਗਾਉਣ ਨਾਲ ਪਵਿਤ ਹੋਏ ਸੇ ਜਨਾਂ ਅਤੇ ***'ਸੁਣਤੇ ਪੁਨੀਤ ਕਹਤੇ ਪਵਿਤ'*** ਨਾਲ ਪਰੀਪੂਰਨ ਕਹਲਾਏ। ਜਿਸ ***'ਸਮਰਥ ਗੁਰੂ ਸਿਰੁ ਹਥ ਧਰਿਉ'*** ਕਾਰਨ ਦਾਤਾਂ ਪ੍ਰਾਪਤ ਹੋਈਆਂ ਤਿਸ ਸਤਿਗੁਰੂ ਨੇ ਗੁਰਮਤਿ ਸੰਗੀਤ ਦੇ ਇਸ ਮਹਾਨ ਸੰਗੀਤਕਾਰ 'ਕੀਰਤਨੀਏ ਨੂੰ ਸਚਿਆਰ ਹੋਣ ਲਈ ਪ੍ਰੇਰਨਾ ਦਿੱਤੀ। ***'ਇਹੁ ਸਾਚਾ ਸੋਹਿਲਾ ਸਾਚੇ ਘਰਿ ਗਾਵਹੁ'*** ਦਾ ਦਿੱਤਾ ਹੋਕਾ' ਗੁਰੂ

ਅਰਜਨ ਦੇਵ ਜੀ ਨੇ ਸੱਚਾ ਬਣਾ ਦਿੱਤਾ। ਹੁਣ ਜਨ ਸਧਾਰਨ ਵੀ ਇਸ ਮਹਾਨ *'ਕਲਿਜੁਗ ਮਹਿ ਕੀਰਤਨੁ ਪਰਧਾਨਾ'* ਅਤੇ *'ਨਿਰਮੋਲਕ ਹੀਰਾ'* ਦੀ ਧਾਰਾ ਨਾਲ ਆ ਜੁੜਿਆ। *'ਆਵਹੁ ਸਿਖ ਸਤਿਗੁਰ ਕੇ ਪਿਆਰਿਹੋ'* ਗੁਰੂ ਅਮਰਦਾਸ ਦੇ ਬਚਨਾਂ ਨੂੰ ਗੁਰੂ ਅਰਜੁਨ ਦੇਵ ਜੀ ਨੇ ਸਕਾਰਥ ਕੀਤਾ। ਆਮ ਸਿੱਖ ਜਨਤਾ ਨੂੰ ਕੀਰਤਨ ਦੀ ਦਾਤ ਬਖਸ਼ ਕੇ ਮਹਾਨ ਕੀਰਤਨੀਆਂ ਹੋਣ ਦਾ ਖਿਤਾਬ ਬਖਸ਼ਿਆ। ਜਿਸ ਨਾਲ ਗੁਰੂ ਨਾਨਕ ਦੇਵ ਜੀ ਚਲਾਈ ਕੀਰਤਨ ਦੀ ਮਹਾਨ ਪਰੰਪਰਾ 'ਕੀਰਤਨ' ਸੱਚੀ ਕਾਰ ਹੋਣ ਕਰਕੇ ਆਮ ਸ਼ਰਧਾਲੂ ਸਿੱਖ ਵੀ ਕੀਰਤਨੀ ਹੋਣ ਦਾ ਮਾਣ ਪ੍ਰਾਪਤ ਕਰਨ ਵਿਚ ਪਿੱਛੇ ਨਹੀਂ ਰਿਹਾ। *'ਕਹੁ ਨਾਨਕ ਤਿਸੁ ਭਇਓ ਪਰਾਪਤ ਜਿਸ ਪੂਰਬ ਲਿਖੇ ਕਾ ਲਹਨਾ'*। ਇਹ ਬਾਣੀ ਦੀਆਂ ਤੁਕਾਂ ਆਪਣਾ ਪ੍ਰਭਾਵ ਵਿਆਪਕ ਫੈਲਾਉਣ ਵਿਚ ਸਫਲ ਹੋਈਆਂ। ਜਿਸ ਨਾਲ ਗੁਰੂ ਕਾ ਸਿੱਖ *'ਇਹ ਭੀ ਦਾਤਿ ਤੇਰੀ ਦਾਤਾਰੁ'* ਸਮਝ ਕੇ ਨਿਰਮੋਲਕ ਹੀਰੇ ਰੂਪੀ ਕੀਰਤਨ ਨਾਲ ਐਸਾ ਜੁੜਿਆ ਕਿ ***ਤੋਰੀ ਨ ਤੂਟੇ ਛੋਰੀ ਨ ਛੂਟੇ*** ਵਾਲੀ ਅਵਸਥਾ ਪ੍ਰਾਪਤ ਕਰਦਾ ਚਲਾ ਗਿਆ।

ਇਤਿਹਾਸ ਦੱਸਦਾ ਹੈ ਕਿ 'ਮਰਦਾਨਿਆ ਬਜਾ ਰਬਾਬ ਕਾਈ ਦੀਦਾਰ ਖੁਦਾ ਦਾ ਕਰੀਏ' ਜਾਂ 'ਮਰਦਾਨਿਆ ਬਜਾ ਰਬਾਬ ਬਾਣੀ ਆਈ ਏ' ਭਾਵ ਬਾਣੀ ਉਚਾਰਣ ਅਤੇ ਸੰਗੀਤ ਦੇ ਸਾਜ਼ਾਂ ਨਾਲ ਗਾਇਨ ਹੋਣ ਕਾਰਨ ਗੁਰੂ ਬਾਣੀ ਦੀ ਰਚਨਾ ਨੂੰ ਉੱਤਮ ਅਤੇ ਸ਼੍ਰੇਸਟ ਕਿਹਾ ਜਾ ਸਕਦਾ ਹੈ। ਗੁਰੂ ਅਰਜਨ ਦੇਵ ਜੀ ਖੁਦ ਵੀ 'ਸਮਰਥ ਗੁਰੂ' ਦੇ ਕਾਰਨ ਕੀਰਤਨ ਕਰਨ ਵਿਚ ਮਾਹਿਰ ਸਨ। ਆਪਣੇ ਸਾਜ਼ ਸਰੰਦਾ ਨਾਲ ਕੀਰਤਨ ਕਰਕੇ ਗੁਰਸਿੱਖਾਂ ਨੂੰ ਇਕ ਨਵੀ ਪਰੰਪਰਾ ਦੀ ਬਖਸ਼ਿਸ਼ ਕੀਤੀ। ਤੰਤਰੀ ਸਾਜ਼ ਬਖਸ਼ ਕੇ ਕੀਰਤਨ ਦੀ ਮਹਾਨਤਾ ਨੂੰ ਹੋਰ ਵੀ ਦੁਗਣਾ-ਚੌਗੁਣਾ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਸਰੰਦਾ ਸਾਜ਼ ਦਾ ਅਵਿਸ਼ਕਾਰ ਵੀ ਆਪ ਜੀ ਦਾ ਹੀ ਬਖਸ਼ਿਆ ਹੋਇਆ ਹੈ।

ਕੀਰਤਨ ਨਿਰਮੋਲਕ ਹੀਰੇ ਨੂੰ ਹੋਰ ਵੀ ਹੀਰਾ ਬਣਾਉਣ ਲਈ ਛੇਵੇਂ ਪਾਤਿਸ਼ਾਹ ਨੇ ਵੀਰ ਰਸ ਪ੍ਰਧਾਨ ਗਾਇਕੀ ਗੁਰਮਤਿ ਵਾਰ ਢਾਡੀ ਗਾਉਣ ਨੂੰ ਕੀਰਤਨ ਦਾ ਇਕ ਅਟੁਟਵਾਂ ਹਿੱਸਾ ਬਣਾ ਦਿੱਤਾ। ਜਿਸ ਦਾ ਆਨੰਦ ਪ੍ਰਾਪਤ ਕਰਕੇ ਸੱਚਾ ਸਿੱਖ ਹੁਣ ਸੰਤ ਅਤੇ ਸਿਪਾਹੀ ਅਤੇ *'ਮਨ ਤੂੰ ਜੋਤ ਸਰੂਪ'* ਹੋ ਗਿਆ।

*'ਇਹੁ ਸਰੀਰ ਪਰਵਾਣੁ ਹੋਇਆ ਜਿਨੁ ਸਤਿਗੁਰ ਸਿਉ ਚਿਤੁ ਲਾਇਆ'*। ਗੁਰਸਿਖਾਂ ਮਨ ਵਧਾਈਆਂ ਹੋਈਆਂ ਜਿਸਦੇ ਸਦਕਾ *'ਗੁਰਸਿਖ ਪ੍ਰੀਤਿ ਗੁਰੂ ਮਿਲੈ ਗਲਾਟੈ-ਜਨ ਨਾਨਕ ਪ੍ਰੀਤਿ ਸਾਧ ਪਗੁ ਚਾਟੇ'* ਦੀ ਮਹਾਨ ਅਵਸਥਾ ਦੇ ਨਾਲ ਨਾਲ *'ਜਿਨੁ ਨਾਨਕੁ ਸਤਿਗੁਰੂ ਪੂਜਿਆ- ਤਿਨੁ ਹਰਿ ਪੂਜ ਕਰਾਵਾ'* ਦੀ ਅਵਸਥਾ ਸਿੱਖ ਸਮਾਜ ਵਿਚ ਹੋਣ ਕਾਰਨ -ਭਲੋ ਭਲੋ ਰੇ ਕੀਰਤਨੀਆਂ ਦੀ ਉਪਾਧੀ ਵਾਸਤਵਿਕਤਾ ਵਿਚ ਆਪਣਾ ਪ੍ਰਭਾਵ ਦਿਖਾਉਣ ਲੱਗ ਪਈ।

ਗੁਰੂ ਨਾਨਕ ਸਾਹਿਬ ਦਾ ਖਿਆਲ ਕਾਈ ਦੀਦਾਰ ਖੁਦਾ ਦੇ ਕਰੀਏ, ਤੀਸਰੇ ਪਾਤਿਸ਼ਾਹ ਦਾ *'ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ'* ਦਾ ਹੋਕਾ, ਗੁਰੂ ਰਾਮਦਾਸ ਦਾ ***ਗਾਇਆ ਸੁਣਿਆ ਤਿਨਕਾ ਹਰਿ ਥਾਇ ਪਵੇ'*** ਅਤੇ ਪੰਜਵੇਂ ਪਾਤਿਸ਼ਾਹ ਦਾ *'ਭਲੋ ਭਲੋ ਰੇ ਕੀਰਤਨੀਆ'* ਦੀ ਪਦਵੀ ਨੇ ਕੀਰਤਨਕਾਰਾਂ ਦੇ ਜੀਵੰਨ ਦੀ ਸੇਧ ਨੂੰ ਬਦਲ ਕੇ ਰੱਖ ਦਿੱਤਾ। *'ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਣਾਵੇ-ਕਹੁ ਨਾਨਕਿ ਕਿਆ ਦੀਜੈ'* ਦੇ ਕਾਰਨ ਗੁਰੂ ਘਰ ਵਿਚ ਗੁਰੂ ਘਰ ਦੇ ਕੀਰਤਨੀਆਂ ਦਾ ਰੁਤਬਾ ਹਮੇਸ਼ਾ ਚੜ੍ਹਦੀ ਕਲਾ ਵਾਲਾ ਰਿਹਾ ਹੈ। ਪਰ ਇਹ ਕੀਰਤਨ ਦੀ ਕਾਰ 'ਅਉਖੀ ਘਾਟੀ ਬਿਖੜਾ ਪੈਂਡਾ' ਦਿਸਣ ਲੱਗ ਪਈ। ਰਾਗ ਦੀ ਰੰਜਕਤਾ ਨਾਲ ਗੁੰਦ ਕੇ ਗੁਰਬਾਣੀ ਗਾਉਣ ਵਾਲਾ ਹੁਣ ਵਿਵਾਦੀ ਸੁਰ ਦਾ ਪ੍ਰਯੋਗ ਕੁਝ ਜ਼ਿਆਦਾ ਹੀ ਕਰਨ ਲੱਗ ਪਿਆ। ਇਸ ਵਿਵਾਦੀ ਸੁਰ ਨੇ ਆਪਣਾ ਪ੍ਰਭਾਵ ਵੀ ਦਿਖਾਉਣਾ ਪ੍ਰਾਰੰਭ ਕਰ ਦਿੱਤਾ। ਗੁਰੂ ਸਾਹਿਬ ਜਿਸ ਕੀਰਤਨੀਏ ਨੂੰ ਗਲੇ ਲਾ ਕੇ ਕਹ ਚੁੱਕੇ ਸਨ *'ਸੋ ਭਾਈ ਸੁ ਮੇਰਾ ਮੀਤ'* ਨਾਲ ਬਿਖੇੜਾ ਕਿਵੇਂ ਕਰ ਸਕਦੇ ਸਨ। ਇਸੇ ਲਈ ਇਹਨਾਂ ਕੀਰਤਨਕਾਰਾਂ ਦੇ ਆਖੇ ਹੋਏ ਅਪਸ਼ਬਦ ਸੁਣਦਿਆਂ ਹੋਇਆਂ ਵੀ ਭਾਈ ਸੱਤਾ-ਬਲਵੰਡ ਨੂੰ ਨਿਵਾਜ਼ਿਆ, ਭਲੋ ਭਲੋ ਰੇ ਕੀਰਤਨੀਆ ਦੇ ਦਿੱਤੇ ਖਿਤਾਬ ਦਾ ਮਾਣ ਰੱਖਿਆ। ਗੁਰੂ ਸਾਹਿਬ *'ਨਦਰਿ ਉਪਠੀ ਜੇ ਕਰੇ'* ਦੀ ਅਵਸਥਾ ਵੀ ਪੈਦਾ ਕਰ ਸਕਦੇ ਸਨ। ਪਰ ਗੁਰੂ ਜੀ ਨੇ ਐਸਾ ਨਹੀਂ ਕੀਤਾ ਜੋ ਰੁਤਬਾ ਭਾਈ ਮਰਦਾਨੇ ਦਾ ਗੁਰੂ ਘਰ ਵਿਚ ਰਿਹਾ ਉਹੀ ਰੁਤਬਾ ਪਦ, ਮਾਣ, ਸਮਾਨ ਗਲਤੀ ਕਰਨ ਤੇ ਵੀ ਭਾਈ ਸੱਤਾ-ਬਲਵੰਡ ਨੂੰ ਬਖਸ਼ ਦਿੱਤਾ।

ਗੁਰੂ ਨਾਨਕ ਸਾਹਿਬ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ ਮੁਸਲਮਾਨ ਮਿਰਾਸੀ ਰਬਾਬੀ ਹੀ ਕੀਰਤਨ ਦੀ ਮਹਾਨ ਪਰੰਪਰਾ ਨਾਲ ਸਿੱਧੇ ਸਬੰਧਿਤ ਰਹੇ। ਪਰ ਹੁਣ ਆਵਹੁ ਅਤੇ ਗਾਵਹੁ ਦੇ ਹੋਕੇ ਅਤੇ ਗੁਰਸਿਖ ਮੀਤ ਚਲਹੁ ਗੁਰੂ ਚਾਲੀ ਕਾਰਣ ਸਧਾਰਨ ਸਿੱਖ ਵੀ ਕੀਰਤਨ ਕਰਨ ਵਿਚ ਮਾਹਿਰ ਹੋ ਗਿਆ। ਜੋ ਵਡਿਆਈ ਰੁਤਬਾ ਮਾਨ ਸਨਮਾਨ

ਰਬਾਬੀਆਂ ਨੂੰ ਪ੍ਰਾਪਤ ਹੋਇਆ ਉਹੀ ਮਾਨ ਸਨਮਾਨ ਹੁਣ ਗੁਰਸਿੱਖ ਕੀਰਤਨਕਾਰਾਂ ਨੂੰ ਪ੍ਰਾਪਤ ਹੁੰਦਾ ਚਲਾ ਗਿਆ। ਹੁਣ ਇਹ ਸਧਾਰਨ ਸਿੱਖ *'ਭਲੋ ਭਲੋ ਰੇ ਕੀਰਤਨੀਆ'* ਦੀ ਮਹਾਨਤਾ ਨਾਲ ਸੰਬੋਧਿਤ ਕੀਤਾ ਜਾਣ ਲੱਗਾ।

ਹੁਣ ਤੱਕ ਜੋ ਰੁਤਬਾ ਮਾਨ ਸਨਮਾਨ ਭਾਈ ਮਰਦਾਨਾ ਅਤੇ ਉਹਨਾਂ ਦੀ ਬਿਰਾਦਰੀ ਵਿਚ ਕੀਰਤਨ ਦਾ ਕੰਮ ਕਰਨ ਵਾਲਿਆਂ ਨੂੰ ਪ੍ਰਾਪਤ ਸੀ ਉਸ ਤੋਂ ਭਾਈ ਸੱਤਾ-ਬਲਵੰਡ ਨੂੰ 'ਗੁਰੂ-ਪਦ' ਨਾਲ ਵੀ ਸ਼ਸ਼ੋਭਿਤ ਕੀਤਾ ਗਿਆ। ਉਸਦਾ ਕਾਰਨ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਹਨਾਂ ਮਹਾਪੁਰਸ਼ਾਂ ਦੀ ਬਾਣੀ ਹੀ ਹੈ ਜੋ ਆਤਮਦਰਸ਼ੀ ਯੁੱਗ ਸ਼੍ਰੇਸਟਾ, ਯੁੱਗ ਦ੍ਰਿਸਟਾ ਹਨ। ਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ। *'ਬਾਣੀ ਗੁਰੂ, ਗੁਰੂ ਹੈ ਬਾਣੀ'* ਜਦ ਕਿਸੇ ਦੀ ਲਿਖੀ ਬਾਣੀ ਗੁਰੂ ਪਦ ਪ੍ਰਾਪਤ ਕਰ ਲੈਂਦੀ ਹੈ ਤਾਂ ਰਚਨਾਕਾਰ ਕਿਉਂ ਨਹੀਂ। ਇਸ ਕਰਕੇ ਭਾਈ ਮਰਦਾਨਾ ਅਤੇ ਭਾਈ ਸੱਤਾ-ਬਲਵੰਡ ਦੀ ਬਾਣੀ ਨੂੰ ਗੁਰੂ-ਪਦ ਸਹਿਜੇ ਹੀ ਪ੍ਰਾਪਤ ਹੋ ਗਿਆ। ਹੁਣ ਭਲੋ ਭਲੋ ਰੇ ਕੀਰਤਨੀਆ ਕੀਰਤਨ ਰਾਹੀਂ ਅੱਠੇ ਪਹਿਰ ਲਗਨ ਦੀ ਅਵਸਥਾ ਗ੍ਰਹਿਣ ਕਰਦਾ ਹੋਇਆ 'ਗੁਰੂ ਰੂਪ' ਹੋ ਗਿਆ ਅਤੇ *'ਗਏ ਮਸਕਤ ਘਾਲਿ'* ਨਾਲ *'ਨਾਨਕ ਨਦਰੀ ਨਦਰਿ ਨਿਹਾਲ'* ਹੋ ਗਿਆ।

*'ਮੋਹੀ ਤੋਹੀ ਅੰਤਰਿ ਕੈਸਾ'* ਭਾਵ ਮਰਦਾਨਾ ਅਤੇ ਉਸਦੇ ਵੰਸ਼ਿਜ਼ ਜਦ ਤੱਕ ਗੁਰਮਤਿ ਸੰਗੀਤ ਦੀ ਇਸ ਮਹਾਨ ਕੀਰਤਨ ਪਰੰਪਰਾ ਨਾਲ ਜੁੜੇ ਰਹਿਣਗੇ ਅਤੇ ਗੁਰੂ ਅਰਜੁਨ ਦੇਵ ਜੀ ਵੱਲੋਂ ਸਥਾਪਿਤ ਮਹਾਨ ਆਦਰਸ਼ਾਂ ਦੇ ਪਦ ਚਿਨ੍ਹਾਂ ਤੇ ਜਦ ਤੱਕ ਚਲਦੇ ਰਹਿਣਗੇ ਤਦ ਤੱਕ 'ਭਲੋ ਭਲੋ ਰੇ ਕੀਰਤਨੀਆ' ਦੀ ਮਹਾਨਤਾ ਨਾਲ ਸ਼ਸ਼ੋਭਿਤ ਹੁੰਦੇ ਰਹਿਣਗੇ।

# ਗੁਰਮਤਿ ਕੀਰਤਨ ਅਤੇ ਕੈਸੇਟ ਬਾਜ਼ਾਰ: ਇਕ ਨਜ਼ਰੀਆ

ਡਾ. ਅਵਤਾਰ ਸਿੰਘ ਪਤੰਗ : ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ

ਸੰਗੀਤ ਇਕ ਅਜਿਹੀ ਤਾਕਤਵਰ ਕਲਾ ਹੈ ਜਿਹੜੀ ਨਿਰਾਸ਼ ਤੇ ਗਮਗੀਨ ਬੈਠੇ ਮਨੁੱਖ ਨੂੰ ਨੱਚਣ ਲਾ ਦਿੰਦੀ ਹੈ। ਇਹ ਮਨੁੱਖੀ ਮਨ ਦੀਆਂ ਉਦਾਸੀਆਂ ਦੂਰ ਕਰਕੇ ਉਸਨੂੰ ਜ਼ਿੰਦਗੀ ਜਿਊਣ ਦਾ ਚਾਅ ਬਖਸ਼ਦੀ ਹੈ। ਸੰਗੀਤ ਦਾ ਮਨੁੱਖ ਨਾਲ ਗੂੜ੍ਹਾ ਰਿਸ਼ਤਾ ਹੈ। ਇਸ ਦਾ ਜੰਮਣਾ, ਮਰਨਾ, ਵਿਆਹ ਅਤੇ ਹੋਰ ਸਮਾਜਿਕ ਰਸਮਾਂ ਸੰਗੀਤ ਤੋਂ ਬਿਨਾਂ ਅਧੂਰੀਆਂ ਹਨ। ਸੰਗੀਤ ਪ੍ਰਮਾਤਮਾ ਦੀ ਆਪਣੀ ਜ਼ੁਬਾਨ ਹੈ ਕਿਉਂਕਿ ਇਸ ਨੂੰ ਹਰ ਕੋਈ ਸਮਝ ਸਕਦਾ ਹੈ ਅਤੇ ਸਮਝ ਕੇ ਇਸ ਦਾ ਆਨੰਦ ਮਾਣ ਸਕਦਾ ਹੈ। ਜਦੋਂ ਵੀ ਮਨੁੱਖ ਪ੍ਰਭੂ-ਪ੍ਰੇਮ ਵਿਚ ਭਿੱਜ ਕੇ ਹਿਰਦੇ ਦੀਆਂ ਡੂੰਘਾਈਆਂ ਤੋਂ ਪ੍ਰਮਾਤਮਾ ਨੂੰ ਯਾਦ ਕਰਦਾ ਹੈ ਤਾਂ ਸੰਗੀਤ ਆਪ ਮੁਹਾਰੇ ਹੀ ਉਸ ਦੇ ਕੰਠ ਵਿਚੋਂ ਫੁੱਟ ਪੈਂਦਾ ਹੈ। ਸੰਗੀਤ ਇਕ ਅਜਿਹੀ ਤਾਰ ਹੈ ਜਿਹੜੀ ਜਗਿਆਸੂ ਨੂੰ ਪ੍ਰਮਾਤਮਾ ਨਾਲ ਮੇਲਦੀ ਹੈ। ਇਤਿਹਾਸ ਗਵਾਹ ਹੈ ਕਿ ਸੰਤਾਂ, ਭਗਤਾਂ, ਗੁਰੂਆਂ ਅਤੇ ਮਹਾਂ-ਪੁਰਸ਼ਾਂ ਨੇ ਪ੍ਰਮਾਤਮਾ ਨੂੰ ਗਾ ਕੇ ਹੀ ਯਾਦ ਕੀਤਾ। ਸਿੱਖ ਧਰਮ ਵਿਚ ਗੁਰਬਾਣੀ ਗਾਇਨ ਭਾਵ ਕੀਰਤਨ ਦੀ ਇਕ ਸ਼ਾਨਦਾਰ ਅਤੇ ਜੀਵੰਤ ਪਰੰਪਰਾ ਮੌਜੂਦ ਹੈ। ਸਾਰੀ ਗੁਰਬਾਣੀ ਸ਼ਾਇਦ ਕਾਵਿ-ਰੂਪ ਵਿਚ ਇਸੇ ਕਰਕੇ ਹੀ ਰਚੀ ਗਈ ਤਾਂ ਜੋ ਇਸ ਨੂੰ ਗਾਇਆ ਜਾ ਸਕੇ। ਗੁਰਬਾਣੀ ਨੂੰ ਕਿਤੇ ਵੀ ਪੜ੍ਹਨ ਦਾ ਹੁਕਮ ਨਹੀਂ ਹੈ ਸਗੋਂ ਗਾਉਣ ਦਾ ਹੁਕਮ ਹੈ। ਗੁਰੂਆਂ ਦਾ ਫੁਰਮਾਨ ਹੈ:-

*ਆਵਹੁ ਸਿਖ ਸਤਿਗੁਰ ਕੇ ਪਿਆਰਿਹੋ*
*ਗਾਵਹੁ ਸਚੀ ਬਾਣੀ॥*

......

*ਗੁਰਬਾਣੀ ਗਾਵਹੁ ਭਾਈ ਉਹ ਸਫਲ ਸਦਾ ਸੁਖਦਾਈ॥*

ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਮਾਤਮਾ ਨੂੰ ਸਿਰਫ ਮਨੁੱਖ ਹੀ ਨਹੀਂ ਗਾ ਰਿਹਾ ਸਗੋਂ ਸਗਲ ਕਾਇਨਾਤ ਗਾ ਰਹੀ ਹੈ। ਦੇਵੀ-ਦੇਵਤੇ, ਮਹਾਂਬਲੀ-ਸੂਰਮੇ, ਜਤੀ, ਸਤੀ, ਸੰਤੋਖੀ, ਸਾਧ, ਸਿੱਧ, ਪੰਡਤ, ਪਉਣ, ਪਾਣੀ, ਬੈਸੰਤਰ, ਇੰਦ-ਇੰਦ੍ਰਾਸਣ, ਬ੍ਰਹਮਾ ਆਦਿ ਸਭ ਗਾ ਰਹੇ ਹਨ। ਸਿੱਖ ਧਰਮ ਅੰਦਰ ਕੀਰਤਨ ਦੀ ਖਾਸ ਮਹੱਤਤਾ ਹੈ। ਇਸੇ ਪ੍ਰਯੋਗ ਨੂੰ ਮੁੱਖ ਰੱਖ ਕੇ ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸਮੁੱਚੀ ਬਾਣੀ ਨੂੰ ਰਾਗਾਂ ਹੇਠ ਅੰਕਿਤ ਕੀਤਾ ਹੈ ਅਤੇ ਨਿਰਧਾਰਤ ਰਾਗਾਂ ਵਿਚ ਹੀ ਗਾਉਣ ਦਾ ਆਦੇਸ਼ ਹੈ। ਉਂਜ ਰਾਗ ਰਾਜ ਦਰਬਾਰਾਂ ਵਿਚ ਹੁਕਮਰਾਨਾਂ ਨੂੰ ਖੁਸ਼ ਕਰਨ ਲਈ ਗਾਏ ਜਾਂਦੇ ਸਨ ਪਰ ਗੁਰਬਾਣੀ ਦੇ ਸੰਦਰਭ ਵਿਚ ਇਸ ਦਾ ਮੰਤਵ ਵੱਖਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੁਲ ਇਕੱਤੀ ਰਾਗ ਉਪਲਬਧ ਹਨ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਉਹ ਰਾਗ ਵਰਤੇ ਹਨ ਜਿਹੜੇ ਮਨੁੱਖ ਨੂੰ ਪ੍ਰਮਾਤਮਾ ਦੀ ਯਾਦ ਵਿਚ ਲਿਵਲੀਨ ਰਹਿਣ ਲਈ ਖੇੜਾ, ਵਿਸਮਾਦ, ਆਤਮਿਕ ਆਨੰਦ ਤੇ ਸਹਿਜ-ਅਵਸਥਾ ਪ੍ਰਦਾਨ ਕਰਨ। ਗੁਰਬਾਣੀ ਉਨ੍ਹਾਂ ਰਾਗਾਂ ਨੂੰ ਗਾਉਣਾ ਚੰਗਾ ਸਮਝਦੀ ਹੈ ਜਿਹੜੇ ਮਨੁੱਖ ਨੂੰ ਦੁਨਿਆਵੀ ਤ੍ਰਿਸ਼ਨਾਵਾਂ ਵਿਚੋਂ ਕੱਢ ਕੇ ਪ੍ਰਮਾਤਮਾ ਨਾਲ ਜੋੜਦੇ ਹਨ:-

*ਧੰਨ ਸੁ ਰਾਗ ਸੁਰੰਗੜੇ*
*ਆਲਾਪਤ ਸਭ ਤਿਖ ਜਾਇ॥*
*ਸਭਨਾਂ ਰਾਗਾਂ ਵਿਚ ਸੋ ਭਲਾ*
*ਭਾਈ ਜਿਤੁ ਵਸਿਆ ਮਨ ਆਇ॥*

ਗੁਰਬਾਣੀ ਅੰਦਰ ਨਿਰਧਾਰਤ ਰਾਗਾਂ ਨੂੰ ਗਾਉਣ ਦਾ ਸਮਾਂ ਨਿਸ਼ਚਿਤ ਹੈ ਕਿਉਂਕਿ ਇਹ ਰਾਗ ਇਕ ਨਿਸ਼ਚਿਤ ਸਮੇਂ/ਰੁੱਤ ਮੌਕੇ ਜਦੋਂ ਗਾਏ ਜਾਂਦੇ ਹਨ ਤਾਂ ਮਨੁੱਖ ਦੇ ਹਿਰਦੇ 'ਤੇ ਤਲਿਸਮੀ ਅਸਰ ਪਾਉਂਦੇ ਹਨ। ਸਿਰੀ ਰਾਗ ਸ਼ਾਮ ਦਾ ਰਾਗ ਹੈ, ਇਸੇ ਤਰ੍ਹਾਂ ਰਾਗ ਆਸਾ-ਅੰਮ੍ਰਿਤ ਵੇਲੇ, ਰਾਗ ਬਿਹਾਗੜਾ ਅੱਧੀ ਰਾਤ ਵੇਲੇ, ਰਾਗ ਤਿਲੰਗ ਸ਼ਾਮ ਵੇਲੇ, ਗਮੀ ਅਤੇ ਖੁਸ਼ੀ ਦੇ ਮੌਕੇ 'ਤੇ ਰਾਗ ਵਡਹੰਸ, ਬਸੰਤ ਰੁੱਤ ਵੇਲੇ ਰਾਗ ਬਸੰਤ ਆਦਿ ਅਤੇ ਇਸੇ ਤਰ੍ਹਾਂ ਬਾਕੀ ਰਾਗ ਵੀ ਮਖਸੂਸ ਮੌਕਿਆਂ 'ਤੇ ਗਾਏ ਜਾਣ ਵਾਲੇ ਰਾਗ ਹਨ। ਇਕ ਚੰਗੇ ਰਾਗੀ ਨੂੰ ਇਨ੍ਹਾਂ ਰਾਗਾਂ ਉਤੇ ਮੁਹਾਰਤ ਹਾਸਲ ਕਰਨ ਲਈ ਸਖਤ ਮਿਹਨਤ ਅਤੇ ਰਿਆਜ਼ ਦੀ ਲੋੜ ਹੁੰਦੀ ਹੈ।

ਅਜੋਕੇ ਦੌਰ ਵਿਚ ਗੁਰਬਾਣੀ ਕੀਰਤਨ ਦਾ ਆਲਮ ਕੁਝ ਹੋਰ ਹੀ ਹੈ। ਪੰਜਾਬੀ ਦਾ ਕੋਈ ਵੀ ਚੈਨਲ ਦੇਖੋ ਕੀਰਤਨਕਾਰਾਂ ਦੀਆਂ ਨਵੀਆਂ-ਨਵੀਆਂ ਕੈਸੇਟਾਂ ਆਪੋ

ਆਪਣੇ ਢੰਗ ਅਤੇ ਅੰਦਾਜ਼ ਅਨੁਸਾਰ ਦੇਖਣ-ਸੁਣਨ ਨੂੰ ਮਿਲਦੀਆਂ ਹਨ। ਬਾਜ਼ਾਰਾਂ ਵਿਚ ਅਜਿਹੀਆਂ ਕੈਸੇਟਾਂ ਦਾ ਹੜ੍ਹ ਆ ਗਿਆ ਹੈ। ਇੰਜ ਲੱਗਦਾ ਹੈ ਕਿ ਅਜੋਕੇ ਦੌਰ ਵਿਚ ਗੁਰਬਾਣੀ ਦਾ ਪ੍ਰਚਾਰ ਅਤੇ ਪ੍ਰਸਾਰ ਜ਼ੋਰਾਂ 'ਤੇ ਹੈ ਪਰ ਅਸਲ ਵਿਚ ਸਭ ਕੁਝ ਉਲਟ।

ਜਦੋਂ ਪੰਜਾਬ ਖਾੜਕੂਵਾਦ ਦੇ ਲੰਮੇ ਸੰਤਾਪ ਤੋਂ ਮੁਕਤ ਹੋਇਆ ਤਾਂ ਚਿਰਾਂ ਤੋਂ ਦੱਬੀਆਂ-ਘੁੱਟੀਆਂ ਲੋਕ-ਇਛਾਵਾਂ ਨੇ ਅੰਗੜਾਈ ਭਰੀ। ਇਸ ਦੀ ਆਜ਼ਾਦ ਫਿਜ਼ਾ ਵਿਚ ਗੀਤ-ਸੰਗੀਤ ਦੀਆਂ ਛਹਿਬਰਾਂ ਮੁੜ ਲੱਗਣੀਆਂ ਸ਼ੁਰੂ ਹੋ ਗਈਆਂ। ਗੀਤਾਂ ਅਤੇ ਲੋਕ ਗਾਇਕਾਂ ਦੀ ਭਰਮਾਰ ਹੋ ਗਈ। ਪੰਜਾਬੀ ਸਭਿਆਚਾਰ ਦੇ ਨਾਂ ਹੇਠਾ ਠੀਕ ਗਲਤ ਸਭ ਕੁਝ ਪ੍ਰਵਾਨ ਕੀਤਾ ਜਾਣ ਲੱਗ ਪਿਆ। ਪ੍ਰਾਈਵੇਟ ਚੈਨਲਾਂ ਦੀ ਆਮਦ ਨਾਲ ਇਨ੍ਹਾਂ ਗਾਇਕਾਂ ਦੇ ਹਿੱਸੇ ਆਇਆ ਪੈਸਾ, ਸ਼ੋਹਰਤ ਅਤੇ ਵਿਦੇਸ਼ੀ ਫੇਰੀਆਂ। ਨਾਲ ਹੀ ਇਹ ਪੰਜਾਬੀਆਂ ਦੇ ਹੀਰੇ ਬਣ ਗਏ।

ਥੋੜ੍ਹਾ ਜਿਹਾ ਰੂਪ ਵਟਾ ਕੇ ਕਈ ਗੁਰਬਾਣੀ ਗਾਇਕ ਵੀ ਇਸੇ ਰਾਹ ਤੁਰ ਪਏ। ਉਹ ਵੀ ਲੋਕ-ਗਾਇਕਾਂ ਵਾਲੇ ਗਲੈਮਰ ਤੋਂ ਬਚ ਨਾ ਸਕੇ। ਸ਼ੋਹਰਤ ਅਤੇ ਪੈਸੇ ਦੇ ਲਾਲਚ ਵੱਸ ਕਾਹਲੀ-ਕਾਹਲੀ ਵਿਚ ਕੀਰਤਨ ਦੀ ਟਕਸਾਲੀ ਪਰੰਪਰਾ ਨੂੰ ਪਿੱਛੇ ਛੱਡ ਕੇ ਕਈ ਕੀਰਤਨਕਾਰਾਂ ਦੇ ਲੋਕ-ਗੀਤਾਂ, ਫਿਲਮੀ ਗੀਤਾਂ ਅਤੇ ਆਪੇ ਬਣਾਈਆਂ ਦਿਲਕਸ਼ ਤਰਜ਼ਾਂ 'ਤੇ ਗੁਰਬਾਣੀ ਗਾਇਨ ਸ਼ੁਰੂ ਕਰ ਦਿੱਤਾ। ਪਿਛਲੇ ਸਮੇਂ ਵਿਚ ਸਿੱਖ ਧਰਮ 'ਚ ਮਨਾਈਆਂ ਗਈਆਂ ਸ਼ਤਾਬਦੀਆਂ ਨਾਲ ਸਬੰਧਤ ਇਤਿਹਾਸ ਨੂੰ ਬਿਨਾਂ ਘੋਖੇ-ਵਾਚੇ ਕੱਚੀਆਂ ਪੱਕੀਆਂ ਸਾਖੀਆਂ 'ਤੇ ਅਧਾਰਤ ਬਣੀਆਂ ਆਡੀਓ ਅਤੇ ਵੀਡੀਓ ਕੈਸੇਟਾਂ ਦੀ ਵਿਕਰੀ ਵਿਚ ਥੋਕ ਵਾਧਾ ਹੋਇਆ। ਜਿਸ ਤਰ੍ਹਾਂ ਇਨ੍ਹਾਂ ਕੈਸੇਟਾਂ ਵਿਚ ਵਾਧਾ ਹੋਇਆ ਹੈ ਲੋਕ ਗਾਇਕਾਂ ਅਤੇ ਕਈ ਗੁਰਬਾਣੀ ਗਾਇਕਾਂ ਵਿਚ ਬਹੁਤਾ ਫਰਕ ਨਜ਼ਰ ਨਹੀਂ ਆਉਂਦਾ। ਦੋਹਾਂ ਦਾ ਮੰਤਵ ਪੈਸਾ, ਸ਼ੋਹਰਤ ਅਤੇ ਵਿਦੇਸ਼ੀ ਫੇਰੀਆਂ ਹਨ ਪਰ ਸਿਧਾਂਤਕ ਤੌਰ ਤੇ ਦੋਹਾਂ ਵਿਚ ਬਹੁਤ ਵੱਡਾ ਅੰਤਰ ਹੈ। ਗਾਇਕੀ ਮਨੁੱਖ ਨੂੰ ਸੰਸਾਰ ਨਾਲ ਜੋੜਦੀ ਹੈ ਜਦ ਕਿ ਗੁਰਬਾਣੀ-ਕੀਰਤਨ ਨਿਰੰਕਾਰ ਨਾਲ ਜੋੜਦਾ ਹੈ। ਲੋਕ ਗਾਇਕੀ ਜਾਂ ਗਾਇਕੀ ਥੋੜ੍ਹ ਚਿਰਾ ਤਮਾਸ਼ਾ ਹੈ ਜਦ ਕਿ ਗੁਰਬਾਣੀ ਕੀਰਤਨ ਇਕ ਅਮਰ ਸੰਗੀਤ ਹੈ ਜਿਹੜਾ ਮਨੁੱਖ ਨੂੰ ਪ੍ਰਮਾਤਮਾ ਦੇ ਨੇੜੇ ਲਿਆਉਣ ਵਿਚ ਸਹਾਈ ਹੁੰਦਾ ਹੈ। ਜੇ ਮਨਮਰਜ਼ੀ ਦੀਆਂ ਤਰਜਾਂ ਬਣਾ ਕੇ ਗੁਰਬਾਣੀ ਗਾਉਣ ਦੀ ਖੁੱਲ੍ਹ ਹੁੰਦੀ ਤਾਂ ਗੁਰੂ ਸਾਹਿਬਾਨ ਗੁਰਬਾਣੀ ਨੂੰ ਨਿਰਧਾਰਤ ਰਾਗਾਂ ਅਧੀਨ ਦਰਜ ਨਾ ਕਰਦੇ। ਨਿਰਧਾਰਤ ਰਾਗਾਂ ਵਿਚ ਮੁਹਾਰਤ ਹਾਸਲ ਕਰਨ ਲਈ ਇਕ ਲੰਮੀ ਸਾਧਨਾ ਅਤੇ ਮਿਹਨਤ ਦੀ ਲੋੜ ਹੈ ਜਿਸ ਨੂੰ ਆਧੁਨਿਕ ਕੀਰਤਨੀਆਂ ਜ਼ਰੂਰੀ ਨਹੀਂ ਸਮਝਦਾ। ਇਹ ਵੀ ਸੱਚ ਹੈ ਕਿ ਸ਼ਾਸਤਰੀ ਸੰਗੀਤ ਹੋਵੇ ਜਾਂ ਟਕਸਾਲੀ ਗੁਰਬਾਣੀ ਗਾਇਨ ਅਕਸਰ ਲੋਕ ਇਨ੍ਹਾਂ ਨੂੰ ਸੁਣਨ ਦੀ ਰੁਚੀ ਘੱਟ ਹੀ ਰੱਖਦੇ ਹਨ ਜਦ ਕਿ ਤੇਜ਼-ਤਰਾਰ ਸੁਰਾਂ ਵਾਲੀ ਗਾਇਕੀ ਅਤੇ ਆਧੁਨਿਕ ਤਰਜ਼ਾਂ ਵਾਲਾ ਕੀਰਤਨ ਬਹੁ-ਗਿਣਤੀ ਵੱਲੋਂ ਪਸੰਦ ਕੀਤਾ ਜਾਂਦਾ ਹੈ। ਪਰ ਗੁਰਬਾਣੀ-ਕੀਰਤਨ ਦਾ ਮੁੱਖ ਉਦੇਸ਼ ਮਨੁੱਖ ਨੂੰ ਅਧਿਆਤਮਕ ਸੇਧ ਦੇਣਾ ਹੈ ਨਾ ਕਿ ਤਜਾਰਤੀ ਰੁਚੀਆਂ ਪੈਦਾ ਕਰਨਾ।

ਗੁਰਬਾਣੀ ਦਾ ਆਪਣਾ ਇਕ ਅਲੌਕਿਕ ਸੁਰਤ-ਮੰਡਲ ਹੈ ਜਿੱਥੇ ਦੁਨਿਆਵੀ ਮੁੱਲ ਦੇ ਪੈਮਾਨੇ ਨਹੀਂ ਚਲਦੇ। ਉਪਭੋਗਤਾਵਾਦ ਦੇ ਇਸ ਯੁਗ ਵਿਚ ਹਰ ਚੀਜ਼ ਨੂੰ ਤਜਾਰਤੀ ਨਜ਼ਰੀਏ ਤੋਂ ਹੀ ਦੇਖਿਆ ਜਾਂਦਾ ਹੈ। ਇਹ ਵੀ ਦੇਖਣ ਵਿਚ ਆਇਆ ਹੈ ਕਿ ਕਈ ਟਕਸਾਲੀ ਕੀਰਤਨੀਏ ਵੀ ਸ਼ਬਦਾਂ ਦੀ ਬਜਾਏ ਗੀਤਾਂ ਦੀਆਂ ਕੈਸੇਟਾਂ ਰਿਕਾਰਡ ਕਰਵਾ ਰਹੇ ਹਨ। ਇੰਜ ਜਾਪਦਾ ਹੈ ਜਿਵੇਂ ਇਹ ਵਰਗ ਰਾਗ ਵਿੱਦਿਆ ਤੋਂ ਬੇਮੁੱਖ ਹੋ ਕੇ ਕੈਸੇਟਾਂ ਦੀ ਗਿਣਤੀ ਵਧਾਉਣ ਵੱਲ ਰੁਚਿਤ ਹੋ ਗਿਆ ਹੈ। ਜੇ ਇਸ ਵੱਧਦੇ ਰੁਝਾਨ ਨੂੰ ਨਾ ਰੋਕਿਆ ਗਿਆ ਤਾਂ ਗੁਰਬਾਣੀ ਕੀਰਤਨ ਦਾ ਸੱਚਾ-ਸੁੱਚਾ ਆਲਮ ਪ੍ਰਦੂਸ਼ਣ ਭਰਪੂਰ ਹੋ ਜਾਵੇਗਾ।

ਇਸ ਆਪ ਮੁਹਾਰੇ ਹੜ੍ਹ ਨੂੰ ਰੋਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਸਿੱਖ ਸੰਸਥਾਵਾਂ ਸਾਂਝੇ ਤੌਰ 'ਤੇ ਇਕ ਅਕਾਦਮੀ ਜਾਂ ਸੈਂਸਰ ਬੋਰਡ ਦਾ ਗਠਨ ਕਰਨ ਜਿਸ ਕੋਲ ਇਹ ਸਾਰੇ ਹੱਕ ਰਾਖਵੇਂ ਹੋਣ ਕਿ ਉਹ ਕੀਰਤਨ ਅਤੇ ਗੁਰਬਾਣੀ ਵਿਆਖਿਆ ਨਾਲ ਸਬੰਧਤ ਸਾਰੀਆਂ ਕੈਸੇਟਾਂ ਦਾ ਵਿਸ਼ਲੇਸ਼ਣ ਕਰੇ। ਗੈਰ-ਵਾਜਬ ਅਤੇ ਗੈਰ-ਪਰੰਪਰਕ ਗੱਲਾਂ ਨੂੰ ਛਾਂਟ ਕੇ ਹੀ ਬਾਜ਼ਾਰ ਵਿਚ ਆਉਣ ਦੀ ਮਨਜ਼ੂਰੀ ਦੇਵੇ। ਜੇ ਇਸ ਖਤਰੇ ਵੱਲ ਸੰਜੀਦਾ ਹੋ ਕੇ ਨਾ ਸੋਚਿਆ ਗਿਆ ਤਾਂ ਉਹ ਦਿਨ ਦੂਰ ਨਹੀਂ ਜਦੋਂ ਟਕਸਾਲੀ ਅਤੇ ਗੁਰਮਤਿ ਪ੍ਰਣਾਲੀ ਅਨੁਸਾਰ ਪ੍ਰਵਾਨਿਤ ਕੀਰਤਨ ਦੀ ਸੱਚੀ-ਸੁੱਚੀ ਮਰਿਆਦਾ ਖੋਟ ਭਰਪੂਰ ਹੋ ਜਾਵੇਗੀ।

# ਗੁਰਮਤਿ ਸੰਗੀਤ ਵਿਚ ਤੰਤੀ ਸਾਜ਼ਾਂ ਦੀ ਅਣਹੋਂਦ

ਸਵਰਨਜੀਤ ਕੌਰ : ਮਾਸਟਰ ਤਾਰਾ ਸਿੰਘ ਮੈਮੋਰੀਅਲ ਕਾਲਜ ਫਾਰ ਵਿਮੈਨ, ਲੁਧਿਆਣਾ

ਗੁਰਬਾਣੀ ਸੰਗੀਤ ਭਾਰਤੀ ਸੰਗੀਤ ਦਾ ਇਕ ਅਨਿੱਖੜਵਾਂ ਅੰਗ ਹੈ। ਗੁਰਬਾਣੀ ਸੰਗੀਤ ਅੱਜ ਇਕ ਪ੍ਰੀਭਾਸ਼ਿਕ ਸ਼ਬਦ ਵਜੋਂ ਸਥਾਪਿਤ ਹੋ ਚੁੱਕਾ ਹੈ ਕਿਉਂਕਿ ਮੱਧ-ਯੁਗੀਣ ਭਗਤੀ ਸੰਗੀਤ ਵਿਚ ਜਿਨਾਂ ਮਹਾਨ ਸੰਤਾਂ, ਭਗਤਾਂ, ਸੰਗੀਤਕਾਰਾਂ ਅਤੇ ਸਮਾਜ ਸੁਧਾਰਕਾਂ ਨੇ ਇਸ ਦੀ ਵਾਗਡੋਰ ਸੰਭਾਲੀ ਸੀ ਉਹਨਾਂ ਦੀਆਂ ਲਗਭਗ ਸਾਰੀਆਂ ਹੀ ਰਚਨਾਵਾਂ ਸੰਗੀਤਕ ਗੁਣਾਂ ਨਾਲ ਭਰਪੂਰ ਸਨ। ਭਗਤੀ ਕਾਲ ਵਿਚ ਸਿੱਖ ਗੁਰੂਆਂ ਨੇ ਵਿਸ਼ੇਸ਼ ਰੂਪ ਵਿਚ ਸੰਗੀਤ ਕਲਾ ਨੂੰ ਮਹੱਤਵ ਦਿੱਤਾ ਹੈ ਅਤੇ ਆਪਣੀਆਂ ਰਚਨਾਵਾਂ ਨੂੰ ਰਾਗਬੱਧ ਕਰਕੇ ਗਾਉਣ ਦੀ ਇਕ ਅਜਿਹੀ ਸ਼ੈਲੀ ਨੂੰ ਜਨਮ ਦਿੱਤਾ ਜਿਸ ਨੂੰ ਅਸੀਂ ਗੁਰਬਾਣੀ ਸੰਗੀਤ ਕਹਿੰਦੇ ਹਾਂ।

ਭਾਵੇਂ ਗੁਰਬਾਣੀ ਸੰਗੀਤ ਭਾਰਤੀ ਸੰਗੀਤ ਦਾ ਹੀ ਅਟੁੱਟ ਅੰਗ ਹੈ ਪਰ ਇਸ ਦੀਆਂ ਕੁਝ ਮੌਲਿਕ ਵਿਸ਼ੇਸ਼ਤਾਵਾਂ ਹਨ ਜਿਸ ਕਰਕੇ ਗੁਰਬਾਣੀ ਸੰਗੀਤ ਨੇ ਭਾਰਤੀ ਸੰਗੀਤ ਵਿਚ ਨਿਵੇਕਲਾ ਸਥਾਨ ਪ੍ਰਾਪਤ ਕਰ ਲਿਆ ਹੈ। ਗੁਰੂ ਸਾਹਿਬਾਨ ਨੇ ਕਵਿਤਾ ਅਤੇ ਰਾਗ ਦੋਹਾਂ ਦੇ ਕੋਮਲ ਗੁਣਾਂ ਨੂੰ ਧਰਮ ਵਿਚ ਇਕੱਠਿਆਂ ਇਤਨੀ ਮਹੱਤਤਾ ਦਿੱਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਕਾਵਿ-ਰੂਪ ਅਤੇ ਰਾਗਾਂ ਵਿਚ ਉਚਾਰਣ ਕੀਤੀ। ਗੁਰਬਾਣੀ ਜਦ ਰਾਗਾਂ ਵਿਚ ਗਾਈ ਗਈ ਤਾਂ ਉਸਨੂੰ ਕੀਰਤਨ ਕਿਹਾ ਜਾਣ ਲੱਗਾ। ਕੀਰਤਨ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸ ਨੂੰ ਸੁਨਣ ਨਾਲ ਜਾਂ ਕਰਨ ਨਾਲ ਤਨ, ਮਨ ਦੇ ਸਾਰੇ ਰੋਗ ਖਤਮ ਹੋ ਜਾਂਦੇ ਹਨ। ਪਾਪਾਂ ਦੀ ਮੈਲ ਉਤਰ ਜਾਂਦੀ ਹੈ ਅਤੇ ਅਕਾਲ ਪੁਰਖ ਨਾਲ ਲਿਵ ਲੱਗ ਜਾਂਦੀ ਹੈ। ਸੋ ਕੀਰਤਨ ਭਾਵ ਗਰਮਤਿ ਸੰਗੀਤ ਦਾ ਪ੍ਰਮੁੱਖ ਉਦੇਸ਼ ਸੰਗੀਤ ਨੂੰ ਅਧਿਆਤਮਕਤਾ ਨਾਲ ਜੋੜ ਕੇ ਗੁਰਸਿੱਖੀ ਜੀਵਨ ਦਾ ਪ੍ਰਮੁੱਖ ਗੁਣਾਂ ਨੂੰ ਪ੍ਰਾਣੀ ਮਾਤਰ ਦੇ ਹਿਰਦੇ ਵਿਚ ਪ੍ਰਚੱਲਿਤ ਅਤੇ ਪ੍ਰਫੁੱਲਿਤ ਕਰਨਾ ਹੈ।

ਪਰ ਸਾਡਾ ਵਿਸ਼ਾ ਹੈ ਕਿ ਗੁਰਮਤਿ ਸੰਗੀਤ ਵਿਚ ਵਾਦਨ ਸੰਗੀਤ ਭਾਵ ਤੰਤੀ ਸਾਜ਼ਾਂ ਦਾ ਕੀ ਮਹੱਤਵ ਹੈ ਤੇ ਅੱਜ ਇਸ ਦੀ ਅਣਹੋਂਦ ਕਿਉਂ ਨਜ਼ਰ ਆ ਰਹੀ ਹੈ। ਅੱਜ ਜੋ ਗੁਰਬਾਣੀ ਸੰਗੀਤ ਜਾਂ ਗੁਰਮਤਿ ਸੰਗੀਤ ਦਾ ਗਾਇਨ ਹੋ ਰਿਹਾ ਹੈ ਉਸ ਦਾ ਉਹ ਪ੍ਰਭਾਵ ਕਿਉਂ ਨਹੀਂ ਹੈ ਜੋ ਕਿ ਪਹਿਲਾਂ ਸੀ। ਗੁਰਮਤਿ ਸੰਗੀਤ ਵਿਚ ਵਾਦਨ ਸੰਗੀਤ ਦਾ ਖਾਸ ਮਹੱਤਵ ਰਿਹਾ ਹੈ, ਇਸ ਵਿਚ ਸਾਜ਼ਾਂ ਦੀ ਵਰਤੋਂ ਸੰਗਤ ਦੇ ਲਈ ਹੀ ਕੀਤੀ ਜਾਂਦੀ ਰਹੀ ਹੈ ਵਿਅਕਤੀਗਤ ਰੂਪ ਵਿਚ ਇਸ ਦੀ ਵਰਤੋਂ ਨਹੀਂ ਹੋਈ। ਵਾਦਨ ਸੰਗੀਤ ਇਕ ਅਜਿਹੀ ਕਲਾ ਹੈ ਜਿਸ ਦੀ ਵਡਿਆਈ ਦੇ ਬਿਨਾਂ ਗਾਇਨ ਅਤੇ ਨ੍ਰਿਤ ਆਪਣਾ ਪੂਰਨ ਰੂਪ ਸਪਸ਼ਟ ਕਰਨ ਲਈ ਅਸਮਰੱਥ ਹੈ। ਵਾਦਨ ਸੰਗੀਤ ਦੇ ਬਾਰੇ ਵਿਚ ਮਹਾਂਰਿਸ਼ੀ ਭਰਤ ਨੇ ਆਪਣੇ ਗ੍ਰੰਥ ਨਾਟਯਸ਼ਾਸ਼ਤਰ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ "ਗੀਤ, ਸਾਜ਼ ਦਾ ਮਹੱਤਵ ਈਸ਼ਵਰ ਪ੍ਰਾਪਤੀ ਲਈ ਕੀਤੇ ਗਏ ਜਪ ਤਪ ਤੋਂ ਵੀ ਜ਼ਿਆਦਾ ਹੈ।"

An Introduction to India Music ਵਿਚ ਲਿਖਿਆ ਹੈ ਕਿ ਵਾਦਨ ਸੰਗੀਤ ਨਾਲ ਅਤੇ ਸਾਜ਼ਾਂ ਦੇ ਇਤਿਹਾਸ ਨਾਲ ਕਿਸੇ ਵੀ ਦੇਸ਼ ਜਾਂ ਸਮਾਜ ਦੇ ਸੱਭਿਆਚਾਰ ਦੀ ਝਲਕ ਮਿਲਦੀ ਹੈ। ਗੁਰਮਤਿ ਸੰਗੀਤ ਵਿਚ ਜਿਵੇਂ ਭਾਰਤੀ ਰਾਗ ਪਰੰਪਰਾ ਅਤੇ ਸ਼ੈਲੀਆਂ ਦਾ ਵਿਕਾਸ ਹੋਇਆ ਹੈ ਉਵੇਂ ਹੀ ਇਸ ਵਿਚ ਸਾਜ਼ ਕਲਾ ਦਾ ਵਿਕਾਸ ਵੀ ਹੋਇਆ ਹੈ। ਗੁਰਬਾਣੀ ਵਿਚ ਰਬਾਬ, ਵੀਣਾ, ਕਿੰਗਰੀ, ਬੰਸੀ, ਪਖਾਵਜ, ਮ੍ਰਿਦੰਗ, ਬਾਜਾ, ਮੰਜੀਰਾ ਅਤੇ ਘੁੰਗਰੂ ਆਦਿ ਸਾਜਾਂ ਦਾ ਵਰਨਣ ਪ੍ਰਾਪਤ ਹੈ ਪਰ ਅਸੀਂ ਇੱਥੇ ਸਿਰਫ ਤੰਤੀ ਸਾਜ਼ਾਂ ਦੀ ਗੱਲ ਕਰਨੀ ਹੈ।

ਕਾਵਿ ਰੂਪ ਗੁਰਬਾਣੀ ਲੈਆਤਮਕ ਹੈ ਤੇ ਗੁਰੂ ਸਾਹਿਬਾਨ ਨੇ ਮੁੱਢ ਕਦੀਮ ਤੋਂ ਹੀ ਤੰਤੀ ਸਾਜ਼ਾਂ ਦਾ ਸਹਾਰਾ ਲੈ ਕੇ ਮਨੁੱਖੀ ਆਵਾਜ਼ ਤੇ ਮਿਜ਼ਾਜ਼ ਨੂੰ ਸੁਰ ਕਰਨ ਦੀ ਵਿਧੀ ਅਪਣਾਈ। ਰਬਾਬ ਦੀ ਸੰਗਤ ਨਾਲ ਕੀਰਤਨ ਕਰਕੇ ਗੁਰੂ ਨਾਨਕ ਦੇਵ ਜੀ ਨੇ ਉਹ ਕਰਾਮਾਤ ਕਰ ਵਿਖਾਈ ਜਿਸ ਦਾ ਬਦਲ ਅਜੇ ਤੱਕ ਨਹੀਂ ਮਿਲ ਸਕਿਆ। ਗੁਰਬਾਣੀ ਵਿਚ ਰਬਾਬ ਦੇ ਨਾਲ ਦੂਸਰੇ ਤੰਤੀ ਸਾਜ਼ ਸਾਰੰਦਾ, ਤਾਊਸ ਤੇ ਦਿਲਰੁਬਾ ਦਾ ਉਲੇਖ ਮਿਲਦਾ ਹੈ। ਗੁਰੂ ਸਾਹਿਬਾਨ ਦੇ ਦਰਬਾਰੀ ਕੀਰਤਨ ਵਿਚ ਰਬਾਬ, ਸਾਰੰਦਾ, ਸਾਰੰਗੀ, ਤਾਊਸ, ਇਸਰਾਜ ਦੀ ਆਮ ਵਰਤੋਂ ਕੀਤੀ ਜਾਂਦੀ ਸੀ।

ਪਰ ਸਮੇਂ ਦੇ ਬਦਲਣ ਨਾਲ ਗੁਰਮਤਿ ਸੰਗੀਤ ਦੀ

ਵਰਤਮਾਨ ਸਥਿਤੀ ਨੂੰ ਆਧੁਨਿਕ ਯੁੱਗ ਦੇ ਧਵਨੀ ਯੰਤਰਾਂ ਦੇ ਨਵੀਨੀਕਰਣ ਨੇ ਇਸ ਕਦਰ ਹਲਕਾ ਬਣਾ ਦਿੱਤਾ ਹੈ ਕਿ ਤੰਤੀ ਸਾਜ਼ ਤਾਂ ਬਹੁਤ ਦੂਰ ਦੀ ਗੱਲ ਹੈ ਜੋ ਰਾਗ ਬੱਧ ਗਾਇਨ ਸ਼ੈਲੀ ਗੁਰੂ ਗ੍ਰੰਥ ਸਾਹਿਬ ਵਿਚ ਹੈ ਉਸ ਤੋਂ ਵੀ ਸਾਡੇ ਚੰਗੇ ਤੋਂ ਚੰਗੇ ਕੀਰਤਨੀ ਜੱਥੇ ਅਛੋਹ ਹਨ ਜਾਂ ਕਹਿ ਲਉ ਕਿ ਬਹੁਤ ਅਣਜਾਣ ਹਨ। ਕੋਈ ਵੀ ਕੀਰਤਨੀਆ ਸੰਗੀਤ ਦੀ ਰਾਗਬੱਧ ਸ਼ੈਲੀ ਦੀ ਕਰੜੀ ਸਾਧਨਾ ਨਹੀਂ ਕਰਨਾ ਚਾਹੁੰਦਾ। ਇਸ ਅਣਹੋਂਦ ਵਾਸਤੇ ਉਸ ਸਮੇਂ ਦੀ ਘਾਟ ਜਾਂ ਫਿਰ ਸਿਖਾਉਣ ਵਾਲਿਆਂ ਦੀ ਘਾਟ ਦੱਸਦਾ ਹੈ ਪਰ ਅਸਲ ਗੱਲ ਤਾਂ ਇਹ ਹੈ ਕਿ ਹਰ ਕੋਈ ਆਪਣੀ ਮਾਇਕ ਰੁਚੀ ਨੂੰ ਤ੍ਰਿਪਤ ਕਰਦਾ ਹੈ। ਮਾਇਕੀ ਹਾਲਤ ਨੂੰ ਮੱਦੇ ਨਜ਼ਰ ਰੱਖਦੇ ਹੋਏ ਸਭ ਕੈਸਟ ਕਲਚਰ ਵੱਲ ਤੁਰ ਪਏ ਹਨ। ਬੱਸ ਹਰਮੋਨੀਅਮ 'ਤੇ ਕੁਝ ਕੁ ਧੁਨਾਂ ਗੀਤਾਂ ਜਾਂ ਗਜ਼ਲਾਂ 'ਤੇ ਅਧਾਰਿਤ ਸ਼ਬਦ ਤਿਆਰ ਕਰਕੇ ਗਾ ਲੈਂਦੇ ਹਨ। ਤੰਤੀ ਸਾਜ਼ਾਂ ਦੇ ਤਾਂ ਕੇਵਲ ਨਾਮ ਹੀ ਰਹਿ ਗਏ ਹਨ ਜਾਂ ਫਿਰ ਇਹ ਇਕ ਸ਼ੋਧ ਦਾ ਵਿਸ਼ਾ ਬਣਕੇ ਰਹਿ ਗਏ ਹਨ। ਅੱਜ ਕੋਈ ਵੀ ਕੀਰਤਨੀ ਜੱਥਾ ਐਸਾ ਨਹੀਂ ਹੈ ਜੋ ਤੰਤੀ ਸਾਜ਼ਾਂ ਦੇ ਨਾਲ ਕੀਰਤਨ ਕਰਕੇ ਆਪਣੇ ਕੀਰਤਨ ਨੂੰ ਪ੍ਰਭਾਵਸ਼ਾਲੀ ਬਣਾਵੇ। ਤੰਤੀ ਸਾਜ਼ਾਂ ਨੂੰ ਸਾਧਣ ਦੀ ਅਤੇ ਸਮਾਂ ਲਗਾ ਕੇ ਸਿੱਖਣ ਦੀ ਲੋੜ ਪੈਂਦੀ ਹੈ ਪਰ ਇਹ ਕੋਸ਼ਿਸ਼ ਕੋਈ ਨਹੀਂ ਕਰਦਾ। ਇਸ ਸਬੰਧ ਵਿਚ ਮੈਨੂੰ ਗੁਰਮਤਿ ਸੰਗੀਤ ਵਿਭਾਗ ਦੇ ਮੁਖੀ ਡਾ. ਗੁਰਨਾਮ ਸਿੰਘ ਜੀ ਅਤੇ ਲੁਧਿਆਣੇ ਵਾਲੇ ਪ੍ਰੋ. ਕਰਤਾਰ ਸਿੰਘ ਨਾਲ ਮੁਲਾਕਾਤ ਕਰਨ ਦਾ ਮੌਕਾ ਮਿਲਿਆ। ਡਾ. ਸਾਹਿਬ ਅਨੁਸਾਰ ਤੰਤੀ ਸਾਜ਼ਾਂ ਦੀ ਵਰਤੋਂ ਗੁਰਮਤਿ ਸੰਗੀਤ ਵਿਚ ਹੋਣੀ ਚਾਹੀਦੀ ਹੈ ਪਰ 99% ਲੋਕ ਨਹੀਂ ਕਰਦੇ। ਉਹਨਾਂ ਅਨੁਸਾਰ ਕੀਰਤਨੀ ਜੱਥਿਆਂ ਨੂੰ ਗੁਰਮਤਿ ਸੰਗੀਤ ਦਾ ਸੰਪੂਰਨ ਪ੍ਰੀਭਾਸ਼ਾ ਦਾ ਗਿਆਨ ਨਹੀਂ ਹੈ।

ਪ੍ਰੋ. ਕਰਤਾਰ ਸਿੰਘ ਨੇ ਮੁਲਾਕਾਤ ਦੌਰਾਨ ਦੱਸਿਆ ਕਿ ਇਹ ਇਕ ਬੜੀ ਵੱਡੀ ਮੁਸੀਬਤ ਬਣ ਗਈ ਹੈ ਕਿ ਚੰਗੇ ਚੰਗੇ ਰਾਗੀ ਜੱਥਿਆਂ ਨੂੰ ਗੁਰਮਤਿ ਸੰਗੀਤ ਬਾਰੇ ਜਾਂ ਗੁਰੂ ਗ੍ਰੰਥ ਸਾਹਿਬ ਵਿਚ ਰਚਿਤ ਰਾਗ ਬੱਧ ਸ਼ਬਦਾਂ ਬਾਰੇ ਕੋਈ ਗਿਆਨ ਨਹੀਂ ਹੈ ਉਹ ਖੁਦ ਬਹੁਤ ਲੰਬੇ ਅਰਸੇ ਤੋਂ ਭਾਰਤੀ ਸੰਗੀਤ ਦਾ ਤੰਤੀ ਸਾਜ਼ ਤਾਨਪੁਰੇ ਦੇ ਨਾਲ ਕੀਰਤਨ ਕਰਦੇ ਹਨ ਜਾਂ ਆਪਣੇ ਸਿਖਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੰਦੇ ਹਨ। ਉਹਨਾਂ ਅਨੁਸਾਰ ਕਈ ਰਾਗੀਆਂ ਨੂੰ ਤਾਂ ਇਹ ਨਹੀਂ ਪਤਾ ਹੁੰਦਾ ਕਿ ਜਿਹੜਾ ਸ਼ਬਦ ਉਹ ਕਿਸੇ ਰਾਗ ਵਿਚ ਗਾ ਰਹੇ ਹਨ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ ਕਿ ਨਹੀਂ। ਰਾਗ ਦੀ ਇਕ ਵਿਸ਼ੇਸ਼ਤਾਈ ਹੈ ਕਿ ਉਹ ਸਮੇਂ ਅਨੁਸਾਰ ਗਾਇਆ ਜਾਵੇ ਤਾਂ ਉਸ ਦਾ ਪ੍ਰਭਾਵ ਕੁਝ ਹੋਰ ਹੀ ਹੁੰਦਾ ਹੈ ਪਰ ਸਾਡੇ ਰਾਗੀਆਂ ਵਿਚ ਇਸ ਗੱਲ ਦਾ ਵੀ ਆਭਾਵ ਹੈ ਕਿ ਉਹ ਸ਼ਾਮ ਦਾ ਰਾਗ ਸਵੇਰ ਵੇਲੇ ਗਾਈ ਜਾਣਗੇ। ਫਿਰ ਐਸੇ ਲੋਕਾਂ ਤੋਂ ਅਸੀਂ ਤੰਤੀ ਸਾਜ਼ਾਂ ਦੀ ਵਰਤੋਂ ਬਾਰੇ ਕੀ ਉਮੀਦ ਕਰ ਸਕਦੇ ਹਾਂ। ਜੇਕਰ ਮਕਸਦ ਗੀਤ ਦੀ ਧੁੰਨ ਤੇ ਸ਼ਬਦ ਗਾ ਕੇ ਪੂਰਾ ਹੋ ਜਾਵੇ ਫਿਰ ਉਹ ਲਈ ਕਰੜੀ ਸਾਧਨਾ ਵਿਚ ਪੈਣ ਦੀ ਕੀ ਲੋੜ ਹੈ।

ਗੁਰਮਤਿ ਸੰਗੀਤ ਦੀ ਬਦਲ ਚੁੱਕੀ ਧਾਰਾ ਨੂੰ ਮੁੜ ਸੁਰਜੀਤ ਕਰਨ ਲਈ ਸਾਡੇ ਵਿਦਵਾਨਾਂ, ਗੁਣੀਜਨਾਂ ਨੇ ਕਦਮ ਉਠਾਏ ਹਨ। ਡਾ. ਗੁਰਨਾਮ ਸਿੰਘ, ਡਾ. ਜਾਗੀਰ ਸਿੰਘ, ਦਰਸ਼ਨ ਸਿੰਘ ਨਰੂਲਾ, ਪ੍ਰੋ. ਕਰਤਾਰ ਸਿੰਘ ਸਿਰਤੋੜ ਯਤਨ ਕਰ ਰਹੇ ਹਨ। ਕਈ ਧਾਰਮਿਕ ਸੰਸਥਾਵਾਂ/ਟਕਸਾਲਾਂ ਵੀ ਗੁਰਮਤਿ ਸੰਗੀਤ ਦਾ ਸਹੀ ਰਸਤੇ ਸਿਖਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਪਰ ਸਾਡੀ ਸਭ ਦੀ ਇਹ ਜ਼ਿੰਮੇਵਾਰੀ ਬਣਦੀ ਹੈ। ਕਿ ਸਾਡੇ ਗੁਰੂ ਸਾਹਿਬਾਨ ਨੇ ਜੋ ਉਪਦੇਸ਼ ਸਾਨੂੰ ਇਸ ਸੰਗੀਤ ਦੇ ਮਾਧਿਅਮ ਰਾਹੀਂ ਦਿੱਤੇ ਹਨ ਅਸੀਂ ਉਹਨਾਂ ਨੂੰ ਕਾਇਮ ਰੱਖ ਸਕੀਏ ਤੇ ਤੰਤੀ ਸਾਜ਼ਾਂ ਦੀ ਅਣਹੋਂਦ ਨੂੰ ਖਤਮ ਕਰਕੇ ਮੁੜ ਸੁਰਜੀਤ ਕਰ ਸਕੀਏ।

*'ਸਾਡਾ ਵਿਰਸਾ ਸਾਡਾ ਗੌਰਵ' 'ਚੋਂ ਧੰਨਵਾਦ ਸਹਿਤ*

# ਤਬਲਾ ਵਾਦਕ ਉਸਤਾਦ ਪ੍ਰੇਮ ਸਿੰਘ ਪਤੰਗਾ

ਗੁਰਜੰਤ ਸਿੰਘ ਰਾਹੀ : ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ, ਨਾਨਕਿਆਣਾ ਰੋਡ, ਸੰਗਰੂਰ

ਰਿਆਸਤਾਂ ਵੇਲੇ ਤੋਂ ਲੈ ਕੇ ਅੱਜ ਤੱਕ ਪਟਿਆਲਾ ਸ਼ਹਿਰ ਸੰਗੀਤ ਦੇ ਖੇਤਰ ਵਿਚ ਵੀ ਅਮੀਰ ਰਿਹਾ ਹੈ। ਜਿੱਥੇ ਕਿਸੇ ਵੇਲੇ ਬੜੇ ਗੁਲਾਮ ਅਲੀ ਖਾਂ ਸਾਹਿਬ ਉਸਤਾਦ ਆਸ਼ਕ ਅਲੀ ਖਾਂ ਜਿਨਾਂ ਦੀ ਗਾਈ ਠੁਮਰੀ ਸਿੰਧੀ ਭੈਰਵੀ ਨੂੰ ਅੱਜ ਤੱਕ ਲੋਕ ਯਾਦ ਕਰਦੇ ਹਨ। ਭਾਈ ਗੁਰਮੁਖ ਸਿੰਘ, ਸਰਮੁਖ ਸਿੰਘ, ਭਾਈ ਜੱਸਾ ਸਿੰਘ, ਭਾਈ ਪਾਲਾ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਉਤਮ ਸਿੰਘ ਪਤੰਗ, ਭਾਈ ਕ੍ਰਿਪਾਲ ਸਿੰਘ ਵਰਗੇ ਰਾਗੀਆਂ ਦਾ ਨਾਂ ਸੰਗੀਤ ਵਿਸ਼ੇ ਵਿਚ ਗੂੰਜਦਾ ਹੈ ਉਥੇ ਹੀ ਪ੍ਰੋ. ਤਾਰਾ ਸਿੰਘ ਜੀ, ਸੋਹਣ ਸਿੰਘ ਜੀ ਉਸਤਾਦ, ਬਾਕੁਰ ਹੁਸੈਨ ਖਾਂ ਵਰਗਿਆਂ ਨੇ ਸੰਗੀਤ ਰਾਹੀਂ ਪਟਿਆਲੇ ਨੂੰ ਸ਼ਰਸਾਰ ਰੱਖਿਆ। ਡਾ. ਜਾਗੀਰ ਸਿੰਘ ਜੀ, ਡਾ. ਗੁਰਨਾਮ ਸਿੰਘ ਜੀ ਅਤੇ ਨਰੂਲਾ ਪਰਿਵਾਰ ਦੇ ਸੰਗੀਤਕਾਰ ਸਾਰੇ ਪਟਿਆਲਾ ਸੰਗੀਤ ਕਿਆਰੀ ਦੇ ਹੀ ਮਹਿਕਾਂ ਵੰਡਦੇ ਫੁੱਲ ਹਨ। ਇੱਥੇ ਹੀ ਗੁਰਦੁਆਰਾ ਸ੍ਰੀ ਦੁਖ ਨਿਵਾਰਨ ਸਾਹਿਬ ਵਿਖੇ ਬਸੰਤ ਪੰਚਮੀ ਤੇ ਕੀਰਤਨ (ਰਾਗ) ਦਰਬਾਰ ਸਮੇਂ ਉੱਚ ਕੋਟੀ ਦੇ ਰਾਗੀਆਂ ਨਾਲ ਭਾਈ ਅਰਜਨ ਸਿੰਘ ਤਰੰਗੜ, ਭਾਈ ਸੋਹਣ ਸਿੰਘ ਜਤੀ, ਉਸਤਾਦ ਕਿਰਪਾਲ ਸਿੰਘ ਅਤੇ ਉਸਤਾਦ ਪ੍ਰੇਮ ਸਿੰਘ ਪਤੰਗਾ ਵਰਗੇ ਤਬਲੇ ਦੀਆਂ ਗੂੰਜਾਰਾਂ ਪਾਉਂਦੇ ਰਹੇ।

ਜ਼ਿਲ੍ਹਾ ਰੋਪੜ ਦੇ ਪਿੰਡ ਹਸਨਪੁਰ ਵਿਖੇ 1938 ਈ. ਨੂੰ ਇਕ ਕਿਸਾਨ ਪਰਿਵਾਰ ਵਿਚ ਪੈਦਾ ਹੋਏ ਬਾਲਕ ਜਿਸ ਦੀ ਅੱਖਾਂ ਦੀ ਜੋਤ ਬਚਪਨ ਵਿਚ ਹੀ ਖਤਮ ਹੋ ਗਈ। ਕਿਸਾਨੀ ਦੇ ਕੰਮ ਦਾ ਨਾ ਹੋਣ ਕਰਕੇ ਤੇਰਾਂ ਕੁ ਸਾਲ ਦੀ ਉਮਰ ਵਿਚ ਭਾਈ ਤਾਰਾ ਸਿੰਘ ਰੇਰੂ ਸਾਹਿਬ ਵਾਲਿਆਂ ਕੋਲ ਛੱਡ ਗਏ। ਜਿੱਥੇ ਬਾਲਕ ਪ੍ਰੇਮ ਸਿੰਘ ਨੂੰ ਤਬਲਾ ਸ਼ੁਰੂ ਕਰਾਇਆ ਗਿਆ। ਭਾਈ ਤਾਰਾ ਸਿੰਘ ਕੋਲ ਭਾਈ ਬਲਵੰਤ ਸਿੰਘ ਬੰਨੂ ਗੁਹਾਟ ਭਾਈ ਸੋਹਣ ਸਿੰਘ ਜਤੀ, ਭਾਈ ਵਰਿਆਮ ਸਿੰਘ ਆਦਿ ਪਖਾਵਜੀ ਆਮ ਆ ਕੇ ਠਹਿਰਦੇ ਸਨ ਜਿਸ ਸਦਕਾ ਸ਼ੁਰੂ ਵਿਚ ਹੀ ਪ੍ਰੇਮ ਸਿੰਘ ਨੂੰ ਉਸਤਾਦ ਲੋਕਾਂ ਦਾ ਤਬਲਾ ਵਾਦਨ ਅਤੇ ਕੀਤੀ ਸੰਗਤ ਸੁਣਨ ਦਾ ਮੌਕਾ ਮਿਲਦਾ ਰਿਹਾ। ਜਿਸ ਕਰਕੇ ਬਚੇ ਦੇ ਅਚੇਤ ਪਣ ਵਿਚ ਇਕ ਗੱਲ ਘਰ ਕਰ ਗਈ ਕਿ ਇਕ ਵਧੀਆ ਤਬਲਾ ਵਾਦਕ ਬਣਨਾ ਹੈ। ਤਕਰੀਬਨ ਸੱਤ ਸਾਲ ਇੱਥੇ ਰਹਿ ਕਿ ਤਬਲੇ ਦਾ ਰਿਆਜ਼ ਕੀਤਾ ਅਤੇ ਤਾਲੀਮ ਪ੍ਰਾਪਤ ਕੀਤੀ। ਕੁਦਰਤ ਕਿਸੇ ਨਾਲ ਬੇਇਨਸਾਫੀ ਨਹੀਂ ਕਰਦੀ ਜੇ ਕੁਝ ਲੈਂਦੀ ਹੈ ਤਾਂ ਬਦਲੇ ਵਿਚ ਕੁਝ ਦਿੰਦੀ ਵੀ ਹੈ। ਜੇਕਰ ਪ੍ਰੇਮ ਸਿੰਘ ਦੀਆਂ ਅੱਖਾਂ ਵਿਚ ਜੋਤ ਨਹੀਂ ਸੀ ਤਾਂ ਕੁਦਰਤ ਨੇ ਰੋਸ਼ਨ ਦਿਮਾਗ ਦਿੱਤਾ। ਜਿਸ ਨਾਲ ਵਧੀਆ ਯਾਦ ਸ਼ਕਤੀ ਸਦਕਾ ਕੋਈ ਬੋਲ ਇਕ ਵਾਰ ਸੁਣਦੇ ਸਨ ਯਾਦ ਹੋ ਗਿਆ। ਰੋਜ਼ੀ ਰੋਟੀ ਦੀ ਤਲਾਸ਼ ਅਤੇ ਹੋਰ ਅੱਗੇ ਵਧਣ ਲਈ ਪਤੰਗੇ ਵਾਲੀ ਲਾਲਸਾ ਲੈ ਕੇ ਪਟਿਆਲੇ ਆ ਗਿਆ। ਕੁਝ ਸਮਾਂ ਲੋਕਲ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਨ ਤੋਂ ਬਾਅਦ ਛੇਤੀ ਹੀ ਸਰਕਾਰੀ ਗੁਰਦੁਆਰੇ ਵਿਚ ਪੰਜਾਹ ਰੁਪਏ ਮਹੀਨੇ ਦੀ ਮੁਲਾਜ਼ਮਤ ਕਰ ਲਈ। ਪਟਿਆਲਾ ਸਿੱਖ ਸਟੇਟ ਹੋਣ ਕਰਕੇ ਹਰ ਇਕ ਗੇਟ ਤੇ ਗੁਰਦੁਆਰਾ ਹੈ। ਜਿਸ ਵਿਚ ਇਕ ਗ੍ਰੰਥੀ ਅਤੇ ਤਿੰਨ ਰਾਗੀ ਨਿਯੁਕਤ ਕੀਤੇ ਹਨ ਜੋ ਸਵੇਰੇ ਸ਼ਾਮ ਕੀਰਤਨ ਕਰਦੇ ਹਨ। ਆਪ ਛੇਤੀ ਹੀ ਉਸਤਾਦ ਕਿਰਪਾਲ ਸਿੰਘ ਜੋ ਕਿ ਪੰਜਾਬ ਘਰਾਣੇ ਦੇ ਉਸਤਾਦ ਬਹਾਦਰ ਸਿੰਘ ਦੇ ਸ਼ਗਿਰਦ ਸਨ ਅਤੇ ਵਖਿਆਤ ਤਬਲਾ ਵਾਦਕ ਸਨ ਕੋਲ ਰਹਿਣ ਲੱਗ ਪਏ। ਪ੍ਰੇਮ ਸਿੰਘ ਲਗਾਤਾਰ ਅੱਠ-ਅੱਠ ਘੰਟੇ ਰਿਆਜ਼ ਕਰਦੇ ਜਿਸ ਨਾਲ ਸਰੀਰ ਪਤੰਗੇ ਵਰਗਾ ਹੋ ਗਿਆ ਅਤੇ ਬਣ ਗਏ ਉਸਤਾਦ ਪ੍ਰੇਮ ਸਿੰਘ ਪਤੰਗਾ। ਹੱਥ ਦੀ ਤਿਆਰੀ, ਬੋਲ ਦੀ ਸਫਾਈ, ਦਾਏਂ ਬਾਏਂ ਦੇ ਬੋਲਾਂ ਦਾ ਆਪਸੀ ਵਜਨ ਦਾ ਕਮਾਲ ਦਾ ਕੰਟਰੋਲ ਸੀ। ਲੈਅ 'ਤੇ ਪੂਰਨ ਅਧਿਕਾਰ ਸੀ। ਸੋਲੋ ਵਾਦਨ ਅਤੇ ਸੰਗਤ ਕਰਨ ਵਿਚ ਪੂਰੀ ਤਰ੍ਹਾਂ ਮਾਹਰ। ਸ਼ੇਰਾਂ ਵਾਲਾ ਗੇਟ ਗਊ ਸ਼ਾਲਾ ਮੋੜ ਤੇ ਅਮੀਰ ਖੁਸਰੋ ਸੰਗੀਤ ਵਿਦਿਆਲਾ ਸ਼ੁਰੂ ਕੀਤਾ, ਜਿਸ ਵਿਚ ਦਾਖਲ ਹੋਏ ਵਿਦਿਆਰਥੀ ਸਮੇਂ ਨਾਲ ਚੰਗੇ ਵਾਦਕ ਅਤੇ ਉਸਤਾਦ ਹੋ ਨਿਬੜੇ। ਦਾਸ ਨੂੰ ਸੰਨ 1971 ਵਿਚ ਪਹਿਲੀ ਵਾਰ ਰਾਜਪੁਰਾ ਟਾਊਨ ਵਿਖੇ ਇਕ ਬਹਾਵਲਪੁਰੀ ਭਗਤ ਜੀਆ ਲਾਲ ਦੇ ਘਰ ਸੰਗੀਤ ਦੀ ਮਹਿਫਲ ਸਮੇਂ ਦਰਸ਼ਨ ਹੋਏ ਜਿਸ ਵਿਚ ਉਸਤਾਦ ਕਿਰਪਾਲ ਸਿੰਘ, ਉਸਤਾਦ ਪ੍ਰੇਮ ਸਿੰਘ ਪਤੰਗਾ ਅਤੇ ਮਾਸਟਰ ਸ਼ੇਖਰ ਜੀ, ਮਹਿੰਦਰ ਸਿੰਘ ਨਗੀਨਾ ਨਾਲ ਆਏ ਸਨ। ਪਤੰਗਾ ਜੀ ਨੇ ਇਕ ਘੰਟਾ ਝਪਤਾਲ ਵਜਾਇਆ ਧੰਨ ਧੰਨ ਕਰਾ

ਦਿੱਤੀ। ਸ਼ੇਖਰ ਜੀ ਨੇ ਗਜਲਾਂ ਗਾਈਆਂ ਫੇਰ ਵਾਰੀ ਆਈ ਉਸਤਾਦ ਕ੍ਰਿਪਾਲ ਸਿੰਘ ਜੀ ਦੀ ਤਬਲਾ ਸ਼ੁਰੂ ਕਰਨ ਤੋਂ ਪਹਿਲਾਂ ਕਹਿਣ ਲੱਗੇ ਮੈ ਤੀਨ ਤਾਲ ਪੇਸ਼ ਕਰ ਰਿਹਾ ਹਾਂ ਜੋ ਬੋਲ ਇਕ ਵਾਰ ਵਜਾਵਾਂਗਾ ਉਹ ਅੱਠ ਘੰਟੇ ਯਾਦ ਆਵੇਗਾ ਜਿਸਨੇ ਸੁਣਨੈ ਬਹਿ ਜੋ ਜੀਹਨੇਂ ਜਾਣੈ ਜਾਓ ਮੈਂ ਅੱਠ ਘੰਟੇ ਵਜਾਵਾਂਗਾ। ਸਾਰੇ ਵੇਖਣ ਇਕ ਦੂਸਰੇ ਵੱਲ। ਪਤੰਗਾ ਜੀ ਦਾ ਜੀਵਨ ਬੜਾ ਸਾਦਾ ਅਤੇ ਸੰਜਮੀ ਸੀ ਪਰ ਹੰਕਾਰੀ ਨਹੀਂ ਸਨ। ਆਪਣੀ ਕਲਾ 'ਤੇ ਮਾਨ ਜ਼ਰੂਰ ਸੀ। ਸਪਸ਼ਟਵਾਦੀ ਸਨ ਜਿਸ ਕਰਕੇ ਹਰਮਨ ਪਿਆਰੇ ਨਹੀਂ ਸਨ। ਇਨ੍ਹਾਂ ਦਿਨਾਂ ਵਿਚ ਹੀ ਸੈਂਟਰਲ ਲਾਇਬ੍ਰੇਰੀ ਪਟਿਆਲਾ ਵਿਖੇ ਇਕ ਸੰਗੀਤ ਸਮਾਗਮ ਦਾ ਅਯੋਜਨ ਕੀਤਾ ਜੋ ਗੁਰਮਤਿ ਸੰਗੀਤ ਤੇ ਅਧਾਰਤ ਸੀ ਪ੍ਰੋ. ਭਗਤ ਸਿੰਘ ਬੇਦੀ ਸਭਾ ਦੇ ਸਕੱਤਰ ਸਨ। ਪਤੰਗਾ ਜੀ ਨੇ ਰੂਪਕ ਤਾਲ ਦੀ ਸੋਲੋ ਵਜਾਈ ਡੇਢ ਘੰਟਾ ਸਾਰੇ ਅਸ਼-ਅਸ਼ ਕਰ ਉੱਠੇ। ਇਕ ਵਾਰੀ ਉਸਤਾਦ ਲਛਮਣ ਦਾਸ ਕਪੂਰ ਦੇ ਵਿਦਿਆਲੇ ਵਿਚ ਸੰਗੀਤਕ ਬੈਠਕ ਸੀ ਜਿਸ ਵਿਚ ਪਟਿਆਲੇ ਦੇ ਚੰਗੇ ਚੰਗੇ ਸੰਗੀਤਕਾਰ ਮੌਜੂਦ ਸਨ। ਉਸਤਾਦ ਬਾਕਰ ਹੁਸੈਨ ਵੀ ਆਏ ਹੋਏ ਸਨ ਇਕ ਸੱਜਣ ਬੜਾ ਖਿਆਲ ਗਾ ਰਹੇ ਸੀ ਪਤੰਗਾ ਜੀ ਸੰਗਤ ਕਰ ਰਹੇ ਸਨ। ਪਤੰਗਾ ਜੀ ਨੇ ਉਠਾਨ ਸ਼ੁਰੂ ਕੀਤੀ ਬੰਦਸ਼ ਦੀ ਲੈ ਜਰਾ ਇਧਰ-ਉਧਰ ਹੁੰਦੀ ਲੱਗੀ ਤਾਂ ਕਹਿਣ ਲੱਗੇ 'ਸੰਭਲਕੇ'। ਤਾਂ ਕਿਸੇ ਨੇ ਕਿਹਾ ਲੱਗੇ ਰਹੋ ਜਦੋਂ ਧਿੰ ਨਾ ਨਾ ਆਇਆ ਮਿਲ ਜਾਓਗੇ। ਪਤੰਗਾ ਜੀ ਕਹਿਣ ਲੱਗੇ ਜੇ ਧਿੰ ਨਾ ਨਾ ਤੇ ਈ ਮਿਲਣੈ ਤਾਂ ਘੰਟਾ ਭਰ ਉਡੀਕਣਾ ਪਵੇਗਾ। ਉਸਤਾਦ ਬਾਕਰ ਹੁਸੈਨ ਨਾਲ ਬਹੁਤ ਪ੍ਰੇਮ ਸੀ ਉਹ ਜਦੋਂ ਆਉਂਦੇ ਬੱਸ ਰੌਣਕ ਲੱਗ ਜਾਂਦੀ। ਪਤੰਗਾ ਜੀ ਵੀ ਸੇਵਾ ਵਿਚ ਕਸਰ ਨਾ ਛੱਡਦੇ ਭਾਵੇਂ ਪੱਲੇ ਕੁਝ ਰਹੇ ਜਾਂ ਨਾਂ। ਵਿਦਵਾਨਾਂ ਦੇ ਕਦਰਦਾਨ। ਪਤੰਗਾ ਜੀ ਨੂੰ ਬੋਲਾਂ ਦੀ ਬੜ੍ਹਤ ਕਰਨ ਵਿਚ ਕਮਾਲ ਹਾਸਲ ਸੀ। ਇਕ ਕਾਇਦੇ ਦੇ ਤੀਹ ਤੀਹ ਪਲਟੇ ਕਰਵਾਏ। ਮਾਤਰ ਵੰਡ ਸਮੇ ਦੱਸਦੇ ਝਪਤਾਲ ਦੇ ਸਮ ਤੋਂ ਸਮ ਚੱਕਰਦਾਰ ਬਣਕੇ ਤੀਨ ਤਾਲ ਵਿਚ। ਹਜ਼ਾਰਾਂ ਬੱਚੇ ਤਬਲੇ ਦੀ ਸਿੱਖਿਆ ਲੈ ਕੇ ਆਪਣੀ ਰੋਜ਼ੀ ਰੋਟੀ ਕਮਾ ਰਹੇ ਹਨ ਅਤੇ ਸੰਗੀਤ ਦੀ ਸੇਵਾ ਕਰ ਰਹੇ ਹਨ। ਅਜਿਹੀ ਸ਼ਖਸੀਅਤ ਜਿਸਨੇ ਕਿਸੇ ਨਾਲ ਸਿਵਾਏ ਸੁਰ ਤਾਲ ਦੇ ਹੋਰ ਰਿਸ਼ਤਾ ਹੀ ਨਹੀਂ ਰੱਖਿਆ। ਇਕ ਦਿਨ ਮਹਾ ਲੈਅ ਵਿਚ ਵਲੀਨ ਹੋ ਗਿਆ ਬਾਕੀ ਰਹਿ ਗਈਆਂ ਚੰਦ ਯਾਦਾਂ। ਪਤੰਗਾ ਜੀ ਦੇ ਸਾਰੇ ਸ਼ਗਿਰਦਾਂ ਵੱਲੋਂ ਸੰਗੀਤ ਪ੍ਰੇਮੀਆਂ ਵੱਲੋਂ ਉਨ੍ਹਾਂ ਦੀ ਪਹਿਲੀ ਬਰਸੀ ਸਮੇਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

# ਡਾ. ਜਾਗੀਰ ਸਿੰਘ ਦੀ ਪੁਸਤਕ "ਕਾਵਿ ਅਤੇ ਸੰਗੀਤ" ਗੁਰਬਾਣੀ ਪਰਿਪੇਖ

ਜਗਦੀਸ਼ ਸਿੰਘ ਵਰਿਆਮ : ਪਤ੍ਰਿਕਾ 'ਵਰਿਆਮ' 'ਚੋਂ ਧੰਨਵਾਦ ਸਹਿਤ

ਡਾ. ਜਾਗੀਰ ਸਿੰਘ ਦੀ ਇਕ ਬਹੁਮੁੱਲੀ ਪੁਸਤਕ ਛਪੀ ਹੈ "ਕਾਵਿ ਅਤੇ ਸੰਗੀਤ ਗੁਰਬਾਣੀ ਪਰਿਪੇਖ" ਅਸੀਂ ਇਹ ਪੁਸਤਕ ਪੜ੍ਹੀ ਹੈ ਅਤੇ ਇਹ ਅਨੁਭਵ ਕੀਤਾ ਹੈ ਕਿ ਇਸ ਪੁਸਤਕ ਬਾਰੇ ਗੱਲ ਕਰਨ ਵਾਸਤੇ ਇਸ ਨੂੰ ਬਾਰ ਬਾਰ ਪੜ੍ਹਨਾ ਅਤਿ ਜ਼ਰੂਰੀ ਹੈ। ਕਾਵਿ ਅਤੇ ਸੰਗੀਤ ਦੇ ਅਜਿਹੇ ਵਿਸ਼ੇ ਹਨ ਜਿਨ੍ਹਾਂ ਦਾ ਬਹੁਤ ਵੱਡਾ ਪਾਸਾਰ ਹੈ। ਨਾ ਇਹਨਾਂ ਦੇ ਆਦਿ ਦੀ ਥਾਹ ਪਾ ਸਕਣਾ ਅਤੇ ਨਾ ਅੰਤ ਲੱਭਣਾ ਸੰਭਵ ਹੈ। ਅਤੇ ਗੁਰਬਾਣੀ ਵੀ ਜੁਗਾਂ ਜੁਗਾਂ ਦਾ ਅਧਿਆਤਮ, ਦਰਸ਼ਨ, ਇਤਿਹਾਸ, ਚਿੰਤਨ, ਗਿਆਨ, ਵਿਗਿਆਨ ਸਭਿਆਚਾਰ, ਵਿਚਾਰ ਪਰਵਾਹ ਵੀ ਆਪਣੀ ਬੁਕਲ ਵਿਚ ਸੁਰੱਖਿਅਤ ਸਾਂਭ ਕੇ ਬੈਠੀ ਹੈ। ਇਹਨਾਂ ਤਿੰਨਾਂ ਵਿਸ਼ਿਆਂ ਦਾ ਅਡਰੋ ਅਡਰਾ ਸਰੂਪ ਇਤਿਹਾਸ, ਗਿਆਨ ਅਤੇ ਵਿਆਖਿਆ ਬ੍ਰਹਿਮੰਡੀ ਵਿਸਥਾਰ ਵਾਲਾ ਹੈ ਅਤੇ ਜੇ ਇਹਨਾਂ ਨੂੰ ਕਿਸੇ ਇਕ ਸੂਤਰ ਵਿਚ ਰੱਖ ਕੇ ਗੱਲ ਕਰਨੀ ਹੋਵੇ ਤਾਂ ਹੋਰ ਵੀ ਕਠਨ ਗੱਲ ਹੈ।

